



ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition






Ludhiana, Monday 06 April, 2026 Ludhiana, Monday 06 April, 2026 website: www.cee7news.com

# ਸੋਨੇ ਦੀਆਂ ਕੀਮਤਾਂ ਵਿੱਚ 17 ਫੀਸਦੀ ਦੀ ਭਾਰੀ ਗਿਰਾਵਟ



ਸੋਨੇ ਦੀਆਂ ਕੀਮਤਾਂ ਵਿੱਚ 17 ਫੀਸਦੀ ਦੀ ਭਾਰੀ ਗਿਰਾਵਟ ਆਈ ਹੈ ਭਾਵੇਂ ਅਮਰੀਕਾ ਅਤੇ ਈਰਾਨ ਵਿਚਾਲੇ ਜੰਗੀ ਤਣਾਅ ਵਧਦਾ ਜਾ ਰਿਹਾ ਹੈ। ਇਸ ਗਿਰਾਵਟ ਨਾਲ ਇੱਕ ਵਾਰ ਸਿਖਰ ਤੱਕ ਪਹੁੰਚੇ ਸੋਨੇ ਵਿੱਚ ਹੁਣ ਤੱਕ ਲਗਭਗ 43 ਹਜ਼ਾਰ ਰੁਪਏ ਪ੍ਰਤੀ 10 ਗ੍ਰਾਮ ਦੀ ਕਮੀ ਆ ਚੁੱਕੀ ਹੈ। ਇੱਕ ਸਮੇਂ ਸੋਨਾ ਇੱਕ ਲੱਖ 93 ਹਜ਼ਾਰ ਰੁਪਏ ਤੱਕ ਵਧ ਗਿਆ ਸੀ ਪਰ ਹੁਣ ਇਸ ਦੀਆਂ ਕੀਮਤਾਂ ਡੇਢ ਲੱਖ ਤੋਂ ਵੀ ਘੱਟ ਰਹਿ ਗਈਆਂ ਹਨ। ਭਾਰਤੀ ਬਾਜ਼ਾਰ ਵਾਂਗ ਵਿਸ਼ਵ ਬਾਜ਼ਾਰ ਵਿੱਚ ਵੀ ਸੋਨੇ ਵਿੱਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ : ਸਮੁੰਦਰੀ ਖੇਤਰ ਭਾਰਤ ਦੀ ਤਰੱਕੀ ਵਿਚ ਬਹੁਤ ਵੱਡੀ ਭੂਮਿਕਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮੁੰਦਰੀ ਖੇਤਰ ਦੇ ਯੋਗਦਾਨ ਦੀ ਭੂਰੀ ਤਾਰੀਫ਼ ਕੀਤੀ ਹੈ। ਉਨ੍ਹਾਂ ਇਸ ਖੇਤਰ ਨੂੰ ਭਾਰਤੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਦੱਸਿਆ ਅਤੇ ਇਸ ਨਾਲ ਜੁੜੀਆਂ ਉਪਲਬਧੀਆਂ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਗੱਲ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਮੁੰਦਰੀ ਖੇਤਰ ਭਾਰਤ ਦੀ ਤਰੱਕੀ ਵਿਚ ਵੱਡੀ ਭੂਮਿਕਾ ਨਿਭਾ ਰਿਹਾ ਹੈ।

### Cee7 News ਪੰਜਾਬ 'ਚ ਮੀਂਹ ਤੇ ਗੜ੍ਹੇਮਾਰੀ; ਠੰਢ ਨੇ ਮੁੜ ਦਿੱਤੀ ਦਸਤਕ

# ਪੰਜਾਬ ਦੇ ਕਈ ਇਲਾਕਿਆਂ ਵਿਚ ਤੇਜ਼ ਹਵਾਵਾਂ, ਗਰਜ-ਚਮਕ ਨਾਲ ਮੀਂਹ ਅਤੇ ਗੜ੍ਹੇਮਾਰੀ ਹੋਈ

**ਪੰਜਾਬ** ਪੰਜਾਬ ਵਿਚ ਅਪ੍ਰੈਲ ਦੇ ਮਹੀਨੇ ਵਿਚ ਧੁੱਪ ਤੇ ਗਰਮੀ ਦੀ ਉਮੀਦ ਵਿਚ ਲੋਕ ਖੁਸ਼ ਸਨ, ਪਰ ਅਚਾਨਕ ਮੌਸਮ ਨੇ ਇੱਕ ਵੱਡਾ ਟਵਿਸਟ ਲੈ ਲਿਆ। ਐਤਵਾਰ 5 ਅਪ੍ਰੈਲ 2026 ਨੂੰ ਪੰਜਾਬ ਦੇ ਕਈ ਇਲਾਕਿਆਂ ਵਿਚ ਤੇਜ਼ ਹਵਾਵਾਂ, ਗਰਜ-ਚਮਕ ਨਾਲ ਮੀਂਹ ਅਤੇ ਗੜ੍ਹੇਮਾਰੀ ਹੋਈ। ਇਸ ਨਾਲ ਤਾਪਮਾਨ ਵਿਚ ਭਾਰੀ ਗਿਰਾਵਟ ਆਈ ਅਤੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ, ਪਰ ਖੇਤੀ ਲਈ ਇਹ ਨੁਕਸਾਨਦਾਇਕ ਸਾਬਤ ਹੋ ਰਿਹਾ ਹੈ।ਪਿਛਲੇ 24 ਘੰਟਿਆਂ ਵਿਚ ਪੰਜਾਬ ਵਿਚ ਔਸਤਨ ਤਾਪਮਾਨ 0.7 ਡਿਗਰੀ ਸੈਲਸੀਅਸ ਘਟਿਆ ਹੈ ਅਤੇ ਇਹ ਆਮ ਤੋਂ 2.6 ਡਿਗਰੀ ਘੱਟ ਰਿਹਾ ਹੈ। ਫਾਜ਼ਿਲਕਾ (ਅਬੋਹਰ) ਵਿਚ 20 ਮਿਲੀਮੀਟਰ ਤੋਂ ਵੱਧ ਮੀਂਹ ਪਿਆ, ਜਦਕਿ ਪਠਾਨਕੋਟ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਹਲਕਾ ਤੋਂ ਮੱਧਮ ਮੀਂਹ ਰਿਹਾ। ਰਾਤ ਵੇਲੇ ਚੰਡੀਗੜ੍ਹ, ਲੁਧਿਆਣਾ ਅਤੇ ਪਟਿਆਲਾ ਵਿਚ ਵੀ ਮੀਂਹ ਨੇ ਆਪਣਾ ਅਸਰ ਦਿਖਾਇਆ। ਸਵੇਰ ਤੋਂ ਹੀ ਘਨੇ ਬੱਦਲ ਛਾਏ ਹੋਏ ਹਨ ਅਤੇ ਵਿਚ-ਵਿਚ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦੇ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ ਅਤੇ ਮੋਹਾਲੀ ਵਿਚ ਹਲਕਾ ਤੋਂ ਮੱਧਮ ਮੀਂਹ ਦੀ ਸੰਭਾਵਨਾ ਹੈ। ਅਗਲੇ ਦੋ ਦਿਨਾਂ ਤੱਕ ਹਨੇਰੀ ਅਤੇ ਗੜ੍ਹੇਮਾਰੀ ਦਾ ਖਤਰਾ ਵੀ ਬਣਿਆ ਹੋਇਆ ਹੈ। ਹਵਾਵਾਂ ਦੀ ਰਫ਼ਤਾਰ 80 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਗਈ, ਜਿਸ ਨਾਲ ਰੋਡਾਂ ਤੇ ਪਾਣੀ ਭਰ ਗਿਆ ਅਤੇ ਟ੍ਰੈਫਿਕ ਹੌਲੀ ਹੋ ਗਿਆ। ਲੋਕ ਘਰਾਂ ਲਈ ਮਜਬੂਰ ਹੋ ਗਏ ਅਤੇ ਬਾਹਰ ਨਿਕਲਣ ਵਾਲੇ ਲੋਕ ਭੀਗ ਗਏ।



ਪੰਜਾਬ ਵਿਚ ਅਚਾਨਕ ਬਦਲਿਆ ਮੌਸਮ, ਮੀਂਹ ਤੇ ਗੜ੍ਹੇਮਾਰੀ ਨੇ ਲਿਆ ਠੰਢਕਾ

ਇਸ ਤਰ੍ਹਾਂ ਦਾ ਮੌਸਮ ਉੱਤਰੀ ਭਾਰਤ ਵਿਚ ਵੀ ਵਿਆਪਕ ਤੌਰ ਤੇ ਫੈਲਿਆ ਹੋਇਆ ਹੈ। ਦਿੱਲੀ-ਐਨਸੀਆਰ ਵਿਚ ਵੀ ਘਨੇ ਬੱਦਲ ਛਾਏ ਹਨ ਅਤੇ ਵਿਚ-ਵਿਚ ਮੀਂਹ ਪੈ ਰਿਹਾ ਹੈ। ਇੱਕ ਵੱਡੀ ਵੈਦਰ ਸਿਸਟਮ ਕਾਰਨ ਪੂਰਾ ਉੱਤਰੀ ਭਾਰਤ ਕਈ ਦਿਨਾਂ ਤੱਕ ਇਸ ਅਸਰ ਵਿਚ ਰਹਿਣ ਵਾਲਾ ਹੈ। ਆਮ ਤੌਰ ਤੇ ਅਪ੍ਰੈਲ ਵਿਚ ਤੇਜ਼ ਧੁੱਪ ਅਤੇ ਤਾਪਮਾਨ ਵਧਦਾ ਹੈ, ਪਰ ਇਸ ਵਾਰ ਪੱਛਮੀ ਗੜਬੜੀ ਕਾਰਨ ਮੌਸਮ ਪੂਰੀ ਤਰ੍ਹਾਂ ਬਦਲ ਗਿਆ ਹੈ।ਸੜਕਾਂ ਤੇ ਪਾਣੀ ਭਰਣ ਕਾਰਨ ਵਾਹਨ ਚਲਾਉਣ ਵਾਲਿਆਂ ਨੂੰ ਵੀ ਮੁਸੀਬਤ ਆਈ। ਟ੍ਰੈਫਿਕ ਹੌਲੀ ਹੋ ਗਿਆ ਅਤੇ ਕਈ ਥਾਵਾਂ ਤੇ ਜਾਮ ਵੀ ਲੱਗ ਗਿਆ। ਲੋਕ ਆਪਣੇ ਘਰਾਂ ਵਿਚ ਰਹਿ ਕੇ ਇਸ ਠੰਢੀ ਹਵਾ ਅਤੇ ਮੀਂਹ ਦਾ ਆਨੰਦ ਲੈ ਰਹੇ ਹਨ, ਪਰ ਉਨ੍ਹਾਂ ਨੂੰ ਚਿਤਾਵਨੀ ਵੀ ਜਾਰੀ ਕੀਤੀ ਗਈ ਹੈ ਕਿ ਬਿਜਲੀ ਦੀ ਚਮਕ ਅਤੇ ਤੇਜ਼ ਹਵਾਵਾਂ ਤੋਂ ਬਚਿਆ ਜਾਵੇ।

ਬੱਚਿਆਂ ਅਤੇ ਬਜ਼ੁਰਗਾਂ ਨੂੰ ਖਾਸ ਤੌਰ ਤੇ ਘਰ ਵਿਚ ਰਹਿਣ ਦੀ ਸਲਾਹ ਦਿੱਤੀ ਗਈ ਹੈ।ਇਸ ਮੌਸਮ ਤਬਦੀਲੀ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇੱਕ ਪਾਸੇ ਜਿੱਥੇ ਗਰਮੀ ਤੋਂ ਰਾਹਤ ਮਿਲੀ, ਉੱਥੇ ਹੀ ਰੋਜ਼ਮਰ੍ਹਾ ਦੀ ਜੀਵਨ ਵਿਚ ਵੀ ਅਸਰ ਪਿਆ। ਬਾਜ਼ਾਰ ਵਿਚ ਲੋਕ ਘੱਟ ਨਜ਼ਰ ਆਏ ਅਤੇ ਘਰਾਂ ਵਿਚ ਰਹਿ ਕੇ ਚਾਹ-ਕਾਫੀ ਦਾ ਆਨੰਦ ਲੈ ਰਹੇ ਹਨ। ਬੱਚੇ ਘਰ ਵਿਚ ਖੇਡ ਰਹੇ ਹਨ ਅਤੇ ਬਜ਼ੁਰਗ ਇਸ ਠੰਢੀ ਹਵਾ ਨੂੰ ਯਾਦਗਾਰੀ ਬਣਾ ਰਹੇ ਹਨ।ਪੰਜਾਬ ਸਰਕਾਰ ਅਤੇ ਮੌਸਮ ਵਿਭਾਗ ਲਗਾਤਾਰ ਨਿਗਰਾਨੀ ਰੱਖ ਰਹੇ ਹਨ। ਜੇਕਰ ਅਗਲੇ ਦੋ ਦਿਨਾਂ ਵਿਚ ਗੜ੍ਹੇਮਾਰੀ ਜਾਂ ਤੇਜ਼ ਮੀਂਹ ਵਧਿਆ ਤਾਂ ਹੋਰ ਚਿਤਾਵਨੀਆਂ ਜਾਰੀ ਕੀਤੀਆਂ ਜਾ ਸਕਦੀਆਂ ਹਨ। ਲੋਕਾਂ ਨੂੰ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਮੌਸਮ ਦੀ ਜਾਣਕਾਰੀ ਲੈਣੀ ਚਾਹੀਦੀ ਹੈ। ਖਾਸ ਤੌਰ ਤੇ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਆਪਣੀਆਂ ਫਸਲਾਂ ਦੀ ਰੱਖਿਆ ਲਈ ਉਪਾਅ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ ਉੱਤਰੀ ਭਾਰਤ ਦੇ ਹੋਰ ਰਾਜਾਂ ਵਿਚ ਵੀ ਇਸੇ ਤਰ੍ਹਾਂ ਦਾ ਮੌਸਮ ਬਣਿਆ ਹੋਇਆ ਹੈ। ਹਿਮਾਚਲ ਅਤੇ ਜੰਮੂ-ਕਸ਼ਮੀਰ ਵਿਚ ਉੱਚੀਆਂ ਚੋਟੀਆਂ ਤੇ ਬਰਫਬਾਰੀ ਵੀ ਹੋ ਰਹੀ ਹੈ। ਇਸ ਵੈਦਰ ਸਿਸਟਮ ਕਾਰਨ ਪੂਰਾ ਖੇਤਰ ਪ੍ਰਭਾਵਿਤ ਹੋ ਰਿਹਾ ਹੈ। ਲੋਕ ਇਸ ਠੰਢਕੇ ਮੌਸਮ ਨੂੰ ਖੁਸ਼ੀ ਨਾਲ ਮਾਣ ਰਹੇ ਹਨ ਪਰ ਭਵਿੱਖ ਵਿਚ ਗਰਮੀ ਵਧਣ ਤੋਂ ਪਹਿਲਾਂ ਇਹ ਰਾਹਤ ਥੋੜ੍ਹੀ ਸਮੇਂ ਲਈ ਹੀ ਹੈ।ਕੁੱਲ ਮਿਲਾ ਕੇ ਇਸ ਵਾਰ ਅਪ੍ਰੈਲ ਵਿਚ ਮੌਸਮ ਨੇ ਸਭ ਨੂੰ ਸਰਪ੍ਰਾਈਜ਼ ਕਰ ਦਿੱਤਾ ਹੈ। ਮੀਂਹ, ਗੜ੍ਹੇ ਅਤੇ ਠੰਢੀਆਂ ਹਵਾਵਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇੱਕ ਨਵੀਂ ਤਾਜ਼ਗੀ ਭਰ ਦਿੱਤੀ ਹੈ। ਉਮੀਦ ਹੈ ਕਿ ਮੌਸਮ ਸਥਿਰ ਹੋ ਜਾਵੇਗਾ

### Cee7News ਮਾਲਵਾ ਦੇ ਕੈਂਸਰ ਮਰੀਜ਼ਾਂ ਲਈ ਉਮੀਦ ਦੀ ਨਵੀਂ ਕਿਰਨ; ਸਿਹਤ ਸੇਵਾਵਾਂ 'ਚ ਵੱਡਾ ਸੁਧਾਰ

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਸਥਿਤ ਐਡਵਾਂਸਡ ਕੈਂਸਰ ਇੰਸਟੀਚਿਊਟ, ਬਠਿੰਡਾ ਦਾ ਅਚਾਨਕ ਦੌਰਾ ਕੀਤਾ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਸਥਿਤ ਐਡਵਾਂਸਡ ਕੈਂਸਰ ਇੰਸਟੀਚਿਊਟ, ਬਠਿੰਡਾ ਦਾ ਅਚਾਨਕ ਦੌਰਾ ਕੀਤਾ। ਇਸ ਸਰਪ੍ਰਾਈਜ਼ ਵਿਜ਼ਿਟ ਦੌਰਾਨ ਉਨ੍ਹਾਂ ਨੇ ਹਸਪਤਾਲ ਦੀਆਂ ਸਹੂਲਤਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਅਤੇ ਵੱਡੇ ਐਲਾਨ ਵੀ ਕੀਤੇ। ਇਸ ਨਾਲ ਮਾਲਵਾ ਖੇਤਰ ਵਿੱਚ ਰਹਿਣ ਵਾਲੇ ਕੈਂਸਰ ਮਰੀਜ਼ਾਂ ਲਈ ਇੱਕ ਨਵੀਂ ਉਮੀਦ ਜਾਗੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ ਪਹੁੰਚ ਕੇ ਬੁਨਿਆਦੀ ਢਾਂਚੇ, ਤਕਨਾਲੋਜੀ ਅਤੇ ਸਟਾਫ ਦੀ ਘਾਟ ਵਾਲੀਆਂ ਚੀਜ਼ਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਹੁਕਮ ਦਿੱਤੇ ਕਿ ਇਨ੍ਹਾਂ ਤਿੰਨਾਂ ਖੇਤਰਾਂ ਵਿੱਚ ਤੁਰੰਤ ਅਤੇ ਵਿਆਪਕ ਸੁਧਾਰ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਇਲਾਜ ਵੇਲੇ ਕਿਸੇ ਵੀ ਤਰ੍ਹਾਂ ਦੀ ਕਮੀ ਨਾ ਆਵੇ ਅਤੇ ਇਲਾਜ ਦੇ ਮਿਆਰਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਇਸ ਦੌਰੇ ਦੀ ਖਾਸ ਗੱਲ ਇਹ ਸੀ ਕਿ ਸੀਐੱਮ ਮਾਨ ਨੇ ਸਿਰਫ਼ ਰਿਪੋਰਟਾਂ ਉੱਤੇ ਨਿਰਭਰ ਨਾ ਕਰਦਿਆਂ ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ ਨਾਲ ਸਿੱਧੀ ਗੱਲਬਾਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਸ ਵਿਜ਼ਿਟ ਦਾ ਉਦੇਸ਼ ਖਾਮੀਆਂ ਲੱਭਣਾ ਨਹੀਂ ਸਗੋਂ ਇਸ ਸੰਸਥਾ ਨੂੰ ਹੋਰ ਮਜ਼ਬੂਤ ਬਣਾਉਣਾ ਹੈ। ਉਨ੍ਹਾਂ ਐਲਾਨ ਕੀਤਾ ਕਿ ਐਡਵਾਂਸਡ ਕੈਂਸਰ ਇੰਸਟੀਚਿਊਟ ਨੂੰ ਵਿਸ਼ਵ ਪੱਧਰੀ ਸਿਹਤ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ।

ਇਸ ਯੋਜਨਾ ਤਹਿਤ ਸਭ ਤੋਂ ਵੱਡਾ ਐਲਾਨ ਰੋਬੋਟਿਕ ਸਰਜਰੀ ਦੀ ਸ਼ੁਰੂਆਤ ਦਾ ਹੈ। ਰੋਬੋਟਿਕ ਸਰਜਰੀ ਨਾਲ ਮਰੀਜ਼ਾਂ ਨੂੰ ਘੱਟ ਦਰਦ ਵਾਲਾ, ਤੇਜ਼ ਅਤੇ ਵਧੇਰੇ ਸਫਲ ਇਲਾਜ ਮਿਲ ਸਕੇਗਾ। ਇਸ ਤਕਨੀਕ ਨਾਲ ਸਰਜਨ ਬਿਨਾਂ ਵੱਡੀਆਂ ਕਟਾਂ ਤੋਂ ਆਪਰੇਸ਼ਨ ਕਰ ਸਕਦੇ ਹਨ, ਜਿਸ ਨਾਲ ਮਰੀਜ਼ ਜਲਦੀ ਠੀਕ ਹੋ ਜਾਂਦੇ ਹਨ ਅਤੇ ਹਸਪਤਾਲ ਵਿੱਚ ਰਹਿਣ ਦਾ ਸਮਾਂ ਵੀ ਘੱਟ ਹੋ ਜਾਂਦਾ ਹੈ।ਮੁੱਖ ਮੰਤਰੀ ਨੇ ਇਹ ਵੀ ਭਰੋਸਾ ਦਿੱਤਾ ਕਿ ਸਟਾਫ ਦੀ ਘਾਟ ਨੂੰ ਛੇਤੀ ਹੀ ਪੂਰਾ ਕੀਤਾ ਜਾਵੇਗਾ। ਨਵੀਆਂ ਭਰਤੀਆਂ ਰਾਹੀਂ ਡਾਕਟਰਾਂ ਅਤੇ ਮੈਡੀਕਲ ਕਰਮਚਾਰੀਆਂ ਦੀ ਗਿਣਤੀ ਵਧਾਈ ਜਾਵੇਗੀ ਤਾਂ ਜੋ ਹਰ ਮਰੀਜ਼ ਨੂੰ ਸਮੇਂ ਸਿਰ ਇਲਾਜ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਨੂੰ ਸਿਰਫ਼ ਬਠਿੰਡਾ ਜਾਂ ਮਾਲਵਾ ਖੇਤਰ ਤੱਕ ਸੀਮਿਤ ਨਹੀਂ ਰੱਖਿਆ ਜਾਵੇਗਾ, ਸਗੋਂ ਇਸ ਨੂੰ ਪੂਰੇ ਪੰਜਾਬ ਲਈ ਇੱਕ ਪ੍ਰਮੁੱਖ ਕੈਂਸਰ ਇਲਾਜ ਕੇਂਦਰ ਬਣਾਇਆ ਜਾਵੇਗਾ। ਆਯੂਸ਼ਮਾਨ ਭਾਰਤ ਕਾਰਡ ਧਾਰਕਾਂ ਅਤੇ ਮੁੱਖ ਮੰਤਰੀ ਸਿਹਤ ਸੁਰੱਖਿਆ ਯੋਜਨਾ ਵਾਲੇ ਲੋਕਾਂ ਲਈ ਇੱਥੇ ਉੱਚ ਪੱਧਰੀ ਇਲਾਜ ਮੁਫ਼ਤ ਜਾਂ ਘੱਟ ਖਰਚ 'ਤੇ ਉਪਲਬਧ ਹੋਵੇਗਾ। ਇਸ ਨਾਲ ਗਰੀਬ ਅਤੇ ਆਮ ਪਰਿਵਾਰਾਂ ਨੂੰ ਮਹਿੰਗੇ ਕੈਂਸਰ ਇਲਾਜ ਲਈ ਵੱਡੇ ਸ਼ਹਿਰਾਂ ਵੱਲ ਨਾ ਜਾ ਪਵੇਗਾ। ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਹਰ ਨਾਗਰਿਕ ਨੂੰ ਘਰ ਨੇੜੇ ਚੰਗੀ ਸਿਹਤ ਸੇਵਾ ਮਿਲੇ।ਇਸ ਅਚਾਨਕ ਦੌਰੇ ਨਾਲ ਡਾਕਟਰਾਂ ਅਤੇ ਸਟਾਫ ਵਿੱਚ ਵੀ ਨਵੀਂ ਉਤਸ਼ਾਹ ਜਾਗਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੇ ਤੁਰੰਤ ਹੱਲ ਲਈ ਵਾਅਦਾ ਕੀਤਾ। ਬਠਿੰਡਾ ਦਾ ਇਹ ਕੈਂਸਰ ਇੰਸਟੀਚਿਊਟ ਪਹਿਲਾਂ ਹੀ ਮਾਲਵਾ ਖੇਤਰ ਲਈ ਇੱਕ ਵੱਡੀ ਉਮੀਦ ਹੈ, ਪਰ ਹੁਣ ਰੋਬੋਟਿਕ ਸਰਜਰੀ ਅਤੇ ਹੋਰ ਆਧੁਨਿਕ ਤਕਨੀਕਾਂ ਨਾਲ ਇਸ ਦੀ ਗੁਣਵੱਤਾ ਹੋਰ ਵਧ ਜਾਵੇਗੀ।ਪੰਜਾਬ ਵਿੱਚ ਕੈਂਸਰ ਵਰਗੀਆਂ ਬੀਮਾਰੀਆਂ ਵਧ ਰਹੀਆਂ ਹਨ, ਖਾਸ ਕਰਕੇ ਮਾਲਵਾ ਖੇਤਰ ਵਿੱਚ।



ਇਸ ਲਈ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਕਦਮ ਬਹੁਤ ਮਹੱਤਵਪੂਰਨ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵਾਰ ਫਿਰ ਇਹ ਸੰਦੇਸ਼ ਦਿੱਤਾ ਕਿ ਪੰਜਾਬ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਇਲਾਜ ਮਿਲਣਾ ਚਾਹੀਦਾ ਹੈ ਅਤੇ ਇਸ ਲਈ ਤਕਨਾਲੋਜੀ ਅਤੇ ਮਨੁੱਖੀ ਸਰੋਤਾਂ ਵਿੱਚ ਨਿਵੇਸ਼ ਵਧਾਇਆ ਜਾਵੇਗਾ।ਇਸ ਐਲਾਨ ਤੋਂ ਬਾਅਦ ਬਠਿੰਡਾ ਵਾਸੀਆਂ ਅਤੇ ਪੂਰੇ ਮਾਲਵਾ ਖੇਤਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਲੋਕ ਉਮੀਦ ਕਰ ਰਹੇ ਹਨ ਕਿ ਛੇਤੀ ਹੀ ਇਸ ਹਸਪਤਾਲ ਵਿੱਚ ਰੋਬੋਟਿਕ ਸਰਜਰੀ ਸ਼ੁਰੂ ਹੋ ਜਾਵੇਗੀ ਅਤੇ ਹੋਰ ਵੀ ਆਧੁਨਿਕ ਮਸ਼ੀਨਾਂ ਲਿਆਂਦੀਆਂ ਜਾਣਗੀਆਂ। ਇਸ ਨਾਲ ਕੈਂਸਰ ਤੋਂ ਪੀੜਤ ਵਿਅਕਤੀਆਂ ਦੀ ਜ਼ਿੰਦਗੀ ਬਚਾਉਣ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਨੂੰ ਬਿਹਤਰ ਜੀਵਨ ਮਿਲ ਸਕੇਗਾ।

## ਫਾਸਟ ਫੂਡ



ਬੱਚਿਓ, ਛੱਡੋ ਫਾਸਟ ਫੂਡ ਖਾਣਾ,
ਡਾਕਟਰ ਕੋਲ ਆਪਾਂ ਨਹੀਂ ਜਾਣਾ।
ਭੋਜਨ ਸਾਡੀ ਇਹ ਸਿਹਤ ਵਿਗਾੜੇ,
ਉੱਪਰੋਂ ਡਾਕਟਰ ਚੰਗੇ ਰੁਪਏ ਝਾੜੇ।
ਸਾਡੇ ਸਰੀਰ ਦਾ ਵਧਾਉਂਦਾ ਭਾਰ,
ਗੁੱਸਾ ਵੀ ਆਉਂਦਾ ਹੈ ਲਗਾਤਾਰ।
ਬਲੱਡ ਪ੍ਰੈਸ਼ਰ ਨੂੰ ਕਰਦੇ ਉੱਤੇ ਥੱਲੇ,
ਯਾਦ ਸ਼ਕਤੀ ਰਹਿੰਦੀ ਨਹੀਂ ਪੱਲੇ।
ਕੈਂਸਰ ਦੀ ਵੀ ਕਰ ਲਓ ਤਿਆਰੀ,
ਜਿਹਨਾਂ ਨੂੰ ਫਾਸਟ ਫੂਡ ਪਿਆਰੀ।
ਮੈਦਾ ਸਰੀਰ 'ਚ ਹਜ਼ਮ ਨਹੀਂ ਹੋਏ,
ਖਾਣ ਵਾਲਾ ਇੱਕ ਦਿਨ ਪੱਕਾ ਰੋਏ।
ਸਫ਼ਾਈ ਦਾ ਧਿਆਨ ਨਹੀਂ ਰੱਖਦੇ,
ਮੱਖੀਆਂ ਮੱਛਰ ਵੀ ਆ ਕੇ ਚਖਦੇ।
ਬਰਗਰ, ਪੀਜ਼ਾ, ਸਮੋਸੇ ਅਤੇ ਚਾਟ,
ਕਰ ਦਿਓ ਇਹਨਾਂ ਦਾ ਬਾਈਕਾਟ।
ਈਸਟਾ, ਏਕੂ ਨੇ ਗੱਲ ਸਮਝੀ ਸਾਰੀ,
ਫਾਸਟ ਫੂਡ ਲਾਉਂਦੇ ਨੇ ਬਿਮਾਰੀ।
ਮੌਸਮੀ ਸਬਜ਼ੀਆਂ ਅਤੇ ਫਰੂਟ ਖਾਓ,
ਆਪਣੇ ਸਰੀਰ ਨੂੰ ਤੰਦਰੁਸਤ ਬਣਾਓ।

ਪਤਾ— ਚਮਨਦੀਪ ਸ਼ਰਮਾ,ਪਟਿਆਲਾ
ਸੰਪਰਕ ਨੰਬਰ— 95010 33005

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਪਾਪੜ...**
ਜ਼ਿੰਦਗੀ ਹੈ ਤਾਂ ਪਾਪੜ ਵੇਲਣੇ ਹੀ ਪੈਣੇ ਆ। ਪਾਪੜ ਵੇਲਣ ਲੱਗਿਆਂ ਇਮਾਨਦਾਰੀ ਹੋਵੇ ਤਾਂ ਜ਼ਿੰਦਗੀ ਦਾ ਸੁਆਦ ਹੀ ਵੱਖਰਾ ਬੱਝ ਜਾਂਦੈ॥ ਚੇਤੰਨਤਾ ਅਤੇ ਮਿਹਨਤ ਨਾਲ ਵੇਲੇ ਪਾਪੜ ਜ਼ਿੰਦਗੀ ਨੂੰ ਸ਼ਾਨਦਾਰ ਬਣਾਉਂਦੇ ਜਾਂਦੇ ਨੇ॥ ਪਰਿਵਾਰ ਅਤੇ ਸਾਥੀਆਂ ਦਾ ਪਾਪੜ ਵੇਲਣ 'ਚ ਸਾਥ ਮਿਲਣ ਲੱਗ ਪਵੇ ਤਾਂ ਵਿਸ਼ਵਾਸ਼ ਵੱਧ ਜਾਂਦੈ। ਨਤੀਜਾ ਸ਼ਾਨਦਾਰ ਆਉਣ ਦੀਆਂ ਸੰਭਾਵਨਾਵਾਂ ਵੀ ਵੱਧ ਜਾਂਦੀਆਂ ਨੇ॥

**ਪਾਪ ...**
ਪਾਪਾਂ ਦੀ ਕਮਾਈ ਕਿੰਨੀ ਵੀ ਕੱਠੀ ਕਰ ਲਵੋ ਪਰ ਕਦੀ ਬਰਕਤ ਨਹੀਂ ਕਰਦੀ।ਮਨੋ ਮਨੀ ਗਲਿਆਨੀ ਵੱਖਰੀ ਆਉਂਦੀ ਰਹਿੰਦੀ ਹੈ॥ ਪਾਪ ਦੀ ਕਮਾਈ ਦਾ ਘੜਾ ਜਦੋਂ ਭਰ ਗਿਆ ਤਾਂ ਸਮਝੋ ਕਿਆਮਤ ਦਾ ਵਕਤ ਸ਼ੁਰੂ॥ ਪਾਪ ਦੀ ਕਮਾਈ ਕਰਨ ਵਾਲਾ ਚੈਨ ਦੀ ਨੀਂਦ ਕਦੀ ਨਹੀਂ ਸੌਂ ਸਕਦਾ॥

**ਸੁਭਾਗ...**
ਜ਼ਿੰਦਗੀ ਜਿਉਣ ਦਾ ਸੁਭਾਗ ਮਿਲਿਐ।ਵਰਤਮਾਨ 'ਚ ਜੀਵੋ। ਆਨੰਦ ਲਵੋ। ਬੀਤੇ ਦਾ ਪਛਤਾਵਾ ਅਤੇ ਆਉਣ ਵਾਲੇ ਝੋਰਾ ਛੱਡੋ॥ ਸਮਾਂ ਸੁਭਾਗਾ ਬਨਾਉਣਾ ਸਾਡੇ ਆਪਣੇ ਹੱਥ ਵੱਸ ਹੁੰਦੈ। ਆਪਣੀ ਸਥਿਤੀ ਨੂੰ ਕਾਬੂ 'ਚ ਰੱਖੋ। ਚੰਗਾ ਸੋਚੋ। ਆਪਣੱਤ ਭਰਿਆ ਮਹੌਲ ਬਣ ਹੀ ਜਾਵੇਗਾ॥ ਸੁਭਾਗਾ ਸਮਾਂ ਆਉਣ ਦੀ ਉਡੀਕ ਨਾ ਕਰੋ। ਜੋ ਕਰਨੈ ਹੁਣੇ ਕਰਨਾ ਸ਼ੁਰੂ ਕਰੋ। ਇਹੀ ਘੜੀ ਸੁਭਾਗੀ ਬਣਦੀ ਜਾਵੇਗੀ॥

**ਤਰਥੱਲੀ ...**
ਇਮਾਨਦਾਰੀ ਨਾਲ ਕਾਰਜਸ਼ੀਲ ਰਹੋ। ਅਜਿਹਾ ਨਾ ਹੋਵੇ ਕਿ ਤਰਥੱਲੀ ਮਚਾਉਣ ਦੇ ਚੱਕਰ 'ਚ ਖੁੱਦ ਹੀ ਥੱਲੇ ਲੱਗ ਜਾਵੋਂ ਜਾਂ ਪਿੱਛੇ ਰਹਿ ਜਾਵੋਂ॥
ਜਰੂਰੀ ਨਹੀਂ ਕਿ ਹਰ ਕਾਰਜ ਤਰਥੱਲੀ ਮਚਾ ਕੇ ਹੀ ਸਹੀ ਤੇ ਤਸੱਲੀਬਖਸ ਹੋ ਸਕਦੈ। ਸਹਿਜਤਾ ਨਾਲ ਆਨੰਦ ਲੈਂਦਿਆਂ ਵੀ ਕਾਰਜ ਪੂਰਾ ਕੀਤਾ ਜਾ ਸਕਦੈ। ਬੰਦਾ ਅਕਦਾ ਜਾਂ ਥੱਕਦਾ ਵੀ ਨਹੀਂ॥ ਜਵਾਨੀ 'ਚ ਜੋਸ਼ ਨਾਲ ਤਰਥੱਲੀ ਮਚਾਉਂਦਿਆ ਹੋਸ਼ ਤੋਂ ਵੀ ਕੰਮ ਲੈਣਾ ਸ਼ੁਰੂ ਕਰ ਲਵੇ ਤਾਂ ਨਤੀਜੇ ਸ਼ਰਤੀਆ ਸਾਰਥਕ ਆਉਣ ਲੱਗ ਪੈਣਗੇ॥

**ਖਰੋਚ...**
ਸਰੀਰਕ ਖਰੋਚ ਦਾ ਹੱਲ ਸਮਾਂ ਪਾ ਕੇ ਹੋ ਹੀ ਜਾਂਦੈ ਪਰ ਮਨ 'ਤੇ ਉਕਰੀ ਖਰੋਚ ਦਾ ਹੱਲ ਕਰਨਾ ਜਲਦੀ ਕੀਤਿਆਂ ਸੰਭਵ ਨਹੀਂ ਹੁੰਦਾ। ਪਹਿਲਾਂ ਤੋਲੋ ਫਿਰ ਬੋਲੋ॥ ਅੱਲੇ ਜ਼ਖ਼ਮਾਂ ਨੂੰ ਖਰੋਚਣ ਦੀ ਗਲਤੀ ਕਦੀ ਨਾ ਕਰੋ। ਪੀੜਾ ਵਧੇਗੀ ਤੇ ਜ਼ਖਮ ਠੀਕ ਹੋਣ ਦਾ ਸਮਾਂ ਅੱਗੇ ਵੱਧਦਾ ਜਾਵੇਗਾ॥ ਇਤਿਹਾਸ ਦੇ ਗੁਣਾਤਮਿਕ ਪੰਨਿਆਂ ਨੂੰ ਖਰੋਚਣ ਨਾਲ ਹੌਸਲਾ ਵਧਣ ਲੱਗੇਗਾ ਅਤੇ ਪ੍ਰੇਰਿਤ ਹੋਣ ਲੱਗੋਂਗੇ॥

**ਖੜਕਾ ...**
ਨਿੱਕੀ ਮੋਟੀ ਵਿਚਾਰਕ ਮੱਤ ਭੇਦਤਾ ਵੱਡੇ ਖੜਕੇ ਦੜਕੇ 'ਚ ਬਦਲਣਾ ਸਿਆਣਪ ਨਹੀਂ ਹੁੰਦੀ। ਖੱਪਾ ਹੋਰ ਵੱਧ ਸਕਦੈ॥ ਹਰ ਗੱਲ 'ਤੇ ਖੜਕਾ ਦੜਕਾ ਕਰਨ ਦੀ ਆਦਤ ਵਿਅਕਤੀ ਦਾ ਮਾਨ ਸਤਿਕਾਰ ਘਟਾਉਂਦੀ ਹੈ॥ ਸਮੇਂ ਮੁਤਾਬਕ ਖੁੱਦ ਨੂੰ ਖੜਕਾਉਂਦੇ ਰਹੋ ਤਾਂ ਗਲਤੀਆਂ ਕਰਨ ਦੇ ਚਾਂਸ ਘਟਦੇ ਜਾਂਦੇ ਨੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਲਿਮਫੋਸਾਈਟਸ ਦੀ ਗਿਣਤੀ ਜਦੋਂ ਵਧ ਜਾਵੇ ?

## ਡਾ ਅਜੀਤਪਾਲ ਸਿੰਘ ਐਮ ਡੀ



ਜੇਕਰ ਤੁਹਾਡੇ ਖ਼ੂਨ ਦੀ ਜਾਂਚ ਵਿੱਚ ਲਿੰਮਫੋਸਾਈਟਸ ਦੀ ਗਿਣਤੀ ਵੱਧ ਪਾਈ ਗਈ ਹੈ,ਤਾਂ ਪਹਿਲਾਂ ਘਬਰਾਉਣ ਦੀ ਲੋੜ ਨਹੀਂ। ਅਕਸਰ ਇਹ ਸਰੀਰ ਦੇ ਕਿਸੇ ਇਨਫ਼ੈਕਸ਼ਨ (ਲਾਗ) ਨਾਲ ਲੜਨ ਦਾ ਆਮ ਜਵਾਬ ਹੁੰਦਾ ਹੈ। ਫਿਰ ਵੀ, ਇਹ ਸਥਿਤੀ 'ਲਿੰਮਫੋਸਾਈਟੋਸਿਸ' (Lymphocytosis) ਕਹਾਉਂਦੀ ਹੈ। ਇਸਦੇ ਕਾਰਨ ਦੀ ਪਛਾਣ ਕਰਨ ਲਈ ਡਾਕਟਰੀ ਸਲਾਹ ਲੈਣੀ ਜ਼ਰੂਰੀ ਹੈ, ਤਾਂ ਜੋ ਸਹੀ ਇਲਾਜ ਕੀਤਾ ਜਾ ਸਕੇ।

ਡੱਕਟਰ ਕਿਹੜੇ-ਕਿਹੜੇ ਟੈਸਟ ਕਰ ਸਕਦੇ ਹਨ ?

ਜੇ ਲਿੰਮਫੋਸਾਈਟਸ ਦਾ ਪੱਧਰ ਵੱਧ ਹੈ, ਤਾਂ ਡਾਕਟਰ ਇਹ ਪਤਾ ਲਾਉਣ ਲਈ ਕੁਝ ਹੋਰ ਜਾਂਚਾਂ ਕਰਨਗੇ ਕਿ ਅਜਿਹਾ ਕਿਉਂ ਹੋਇਆ ਹੈ:

· ਪੂਰੀ ਖ਼ੂਨ ਦੀ ਗਿਣਤੀ (CBC): ਇਹ ਮੁੱਢਲੀ ਜਾਂਚ ਹੈ, ਜੋ ਲਿੰਮਫੋਸਾਈਟਸ ਸਮੇਤ ਸਾਰੇ ਖ਼ੂਨ ਦੇ ਸੈੱਲਾਂ ਦੀ ਗਿਣਤੀ ਅਤੇ ਗੁਣਵੱਤਾ ਦੱਸਦੀ ਹੈ।

· ਪੈਰੀਫੇਰਲ ਬਲੱਡ ਸਮੀਅਰ (Peripheral Blood Smear): ਇਸ ਟੈਸਟ ਵਿੱਚ, ਡਾਕਟਰ ਮਾਈਕ੍ਰੋਸਕੋਪ ਹੇਠਾਂ ਤੁਹਾਡੇ ਖ਼ੂਨ ਦੇ ਸੈਂਪਲ ਨੂੰ ਦੇਖਦੇ ਹਨ। ਇਸ ਨਾਲ ਉਹ ਇਹ ਪਤਾ ਕਰ ਸਕਦੇ ਹਨ ਕਿ ਲਿੰਮਫੋਸਾਈਟਸ 'ਐਕਟੀਵੇਟਿਡ' (active) ਹਨ ਜਾਂ ਅਸਧਾਰਨ, ਜੋ ਕਿ ਕੈਂਸਰ ਵਰਗੀ ਸਮੱਸਿਆ ਵੱਲ ਸੰਕੇਤ ਕਰ ਸਕਦਾ ਹੈ।

· ਵਾਇਰਲ ਜਾਂ ਬੈਕਟੀਰੀਆ ਦੇ ਟੈਸਟ: ਕਿਸੇ ਲਾਗ (infection) ਦੀ ਪੁਸ਼ਟੀ ਲਈ।

· ਲਿੰਮਫੋਸਾਈਟ ਸਬ-ਸੈੱਟ ਵਿਸ਼ਲੇਸ਼ਣ (Lymphocyte Subset Analysis): ਇਹ ਪਤਾ ਲਾਉਣ ਲਈ ਕਿ ਲਿੰਮਫੋਸਾਈਟਸ ਦੀ ਕਿਹੜੀ ਕਿਸਮ (T-ਸੈੱਲ, B-ਸੈੱਲ) ਵੱਧ ਰਹੀ ਹੈ।

· ਬੋਨ ਮੈਰੋ ਬਾਇਓਪਸੀ (Bone Marrow Biopsy): ਕੁਝ ਮਾਮਲਿਆਂ ਵਿੱਚ, ਜੇ ਲਿਊਕੇਮੀਆ (Leukemia) ਦਾ ਸ਼ੱਕ ਹੋਵੇ ਤਾਂ ਇਹ ਡੂੰਘਾਈ ਨਾਲ ਜਾਂਚ ਕੀਤੀ ਜਾ ਸਕਦੀ ਹੈ।

ਕੀ ਹੈ ਇਲਾਜ?

ਲਿੰਮਫੋਸਾਈਟੋਸਿਸ ਦਾ ਇਲਾਜ ਪੂਰੀ ਤਰ੍ਹਾਂ ਇਸਦੇ ਕਾਰਨ 'ਤੇ ਨਿਰਭਰ ਕਰਦਾ ਹੈ।

· ਲਾਗ (Infection): ਜੇ ਕਾਰਨ ਕੋਈ ਵਾਇਰਲ ਜਾਂ ਬੈਕਟੀਰੀਆਈ ਲਾਗ ਹੈ, ਤਾਂ ਇਸ ਦਾ ਇਲਾਜ ਕੀਤਾ ਜਾਂਦਾ ਹੈ। ਕਈ ਵਾਰ, ਸਰੀਰ ਆਪਣੇ ਆਪ ਹੀ ਲਾਗ ਨਾਲ ਲੜ ਕੇ ਲਿੰਮਫੋਸਾਈਟਸ ਦੀ ਗਿਣਤੀ ਨੂੰ ਆਮ ਕਰ ਲੈਂਦਾ ਹੈ।

· ਆਟੋਇਮਿਊਨ ਬਿਮਾਰੀਆਂ (Autoimmune Diseases): ਜਿਵੇਂ ਕਿ ਰਾਇਮੇਟਾਇਡ ਗਠੀਆ (Rheumatoid Arthritis), ਇਹਨਾਂ ਵਿੱਚ ਕਾਰਟੀਕੋਸਟੀਰੋਇਡ (Corticosteroids) ਜਾਂ ਹੋਰ ਦਵਾਈਆਂ ਦੀ ਲੋੜ ਹੋ ਸਕਦੀ ਹੈ।

· ਕੈਂਸਰ (Cancer): ਜੇ ਲਿੰਮਫੋਸਾਈਟਸ ਦਾ ਵਧਣਾ ਲਿਊਕੇਮੀਆ (Leukemia) ਜਾਂ ਲਿੰਫੋਮਾ (Lymphoma) ਕਾਰਨ ਹੈ, ਤਾਂ ਇਸ ਦਾ ਇਲਾਜ ਕੀਮੋਥੈਰੇਪੀ, ਟਾਰਗੇਟਡ ਥੈਰੇਪੀ, ਜਾਂ ਹੋਰ ਖਾਸ ਇਲਾਜਾਂ ਨਾਲ ਕੀਤਾ ਜਾਂਦਾ ਹੈ।

ਕੁਝ ਜ਼ਰੂਰੀ ਸਾਵਧਾਨੀਆਂ

ਲਿੰਮਫੋਸਾਈਟਸ ਦੀ ਗਿਣਤੀ ਵਧਣ ਕਾਰਨ, ਕੁਝ ਆਮ ਗੱਲਾਂ ਦਾ ਧਿਆਨ ਰੱਖਣਾ ਫਾਇਦੇਮੰਦ ਹੈ:

· ਸਿਹਤਮੰਦ ਖੁਰਾਕ (Healthy Diet): ਫਲਾਂ, ਸਬਜ਼ੀਆਂ ਅਤੇ ਸਾਬਤ ਅਨਾਜ (Whole Grains) ਨਾਲ ਭਰਪੂਰ ਸੰਤੁਲਿਤ ਖੁਰਾਕ ਲਓ।

· ਹਾਈਡਰੇਟਿਡ ਰਹੋ (Stay Hydrated): ਢੁਕਵਾਂ ਪਾਣੀ ਪੀਣਾ ਇਮਿਊਨ ਸਿਸਟਮ ਲਈ ਸਹਾਇਕ ਹੁੰਦਾ ਹੈ।

· ਲਾਗਾਂ ਤੋਂ ਬਚਾਅ: ਆਪਣੇ ਆਪ ਨੂੰ ਲਾਗਾਂ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਆਪਣੇ ਹੱਥ ਵਾਰ-ਵਾਰ ਸਾਬਣ ਨਾਲ ਧੋਵੋ ਅਤੇ ਬੀਮਾਰ ਲੋਕਾਂ ਦੇ ਸੰਪਰਕ ਵਿੱਚ ਆਉਣ ਤੋਂ ਬਚੋ।

· ਤਣਾਅ ਪ੍ਰਬੰਧਨ (Stress Management): ਤਣਾਅ ਨੂੰ ਕੰਟਰੋਲ ਕਰਨ ਲਈ ਯੋਗਾ ਅਤੇ ਹੋਰ ਤਕਨੀਕਾਂ ਅਪਣਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ।

ਡਾਕਟਰ ਕੋਲ ਕਦੋਂ ਜਾਣਾ ਹੈ ?

ਹਾਲਾਂਕਿ ਕਈ ਵਾਰ ਇਹ ਸਥਿਤੀ ਆਪਣੇ ਆਪ ਠੀਕ ਹੋ ਜਾਂਦੀ ਹੈ, ਪਰ ਜੇ ਤੁਹਾਨੂੰ ਲਗਾਤਾਰ ਬੁਖਾਰ (Fever), ਰਾਤ ਨੂੰ ਪਸੀਨਾ ਆਉਣਾ (Night sweats), ਬਿਨਾਂ ਕਾਰਨ ਭਾਰ ਘਟਣਾ (Unexplained weight loss) ਜਾਂ ਬਹੁਤ ਜ਼ਿਆਦਾ ਥਕਾਵਟ (Fatigue) ਮਹਿਸੂਸ ਹੋ ਰਹੀ ਹੈ, ਤਾਂ ਬਿਨਾਂ ਦੇਰੀ ਕੀਤੇ ਡਾਕਟਰ ਨੂੰ ਮਿਲੋ। ਇਹ ਜਾਣਕਾਰੀ ਤੁਹਾਡੇ ਲਈ ਮਦਦਗਾਰ ਹੋਵੇਗੀ।

# ਇਹ ਇੱਕ ਚਮਤਕਾਰ ਹੈ ਜੋ ਪੂਰਬ (East) ਵਿੱਚ ਵਾਪਰਿਆ। ਪੱਛਮ (West) ਅੱਜ ਵੀ ਇਸਨੂੰ ਸਮਝ ਨਹੀਂ ਸਕਿਆ ਹੈ।



ਇਹ ਇੱਕ ਚਮਤਕਾਰ ਹੈ ਜੋ ਪੂਰਬ (East) ਵਿੱਚ ਵਾਪਰਿਆ। ਪੱਛਮ (West) ਅੱਜ ਵੀ ਇਸਨੂੰ ਸਮਝ ਨਹੀਂ ਸਕਿਆ ਹੈ। ਸਦੀਆਂ ਤੋਂ ਪੂਰਬ ਵਿੱਚ, ਜੇਕਰ ਕੋਈ ਵਿਅਕਤੀ ਧਿਆਨ ਕਰ ਰਿਹਾ ਹੁੰਦਾ ਸੀ, ਤਾਂ ਸਮਾਜ ਉਸਨੂੰ ਭੋਜਨ ਦਿੰਦਾ ਸੀ। ਸਿਰਫ਼ ਇੰਨਾ ਹੀ ਕਾਫ਼ੀ ਸੀ ਕਿ ਉਹ ਧਿਆਨ ਵਿੱਚ ਹੈ।

ਕੋਈ ਇਹ ਨਹੀਂ ਸੋਚਦਾ ਸੀ ਕਿ ਉਹ ਸਮਾਜ 'ਤੇ ਬੋਝ ਹੈ — ਕਿ ਅਸੀਂ ਉਸ ਲਈ ਕਿਉਂ ਕੰਮ ਕਰੀਏ?

ਸਿਰਫ਼ ਉਸਦਾ ਧਿਆਨ ਵਿੱਚ ਹੋਣਾ ਕਾਫ਼ੀ ਸੀ — ਕਿਉਂਕਿ ਪੂਰਬ ਨੇ ਇਹ ਸਮਝ ਲਿਆ ਸੀ ਕਿ ਜੇਕਰ ਇੱਕ ਵਿਅਕਤੀ ਵੀ ਪ੍ਰਬੁੱਧ (enlightened) ਹੋ ਜਾਂਦਾ ਹੈ ਤਾਂ ਉਸਦੀ ਊਰਜਾ ਸਾਰਿਆਂ 'ਚ ਵੰਡੀ ਜਾਂਦੀ ਹੈ।

ਜੇਕਰ ਇੱਕ ਵੀ ਵਿਅਕਤੀ ਧਿਆਨ ਵਿੱਚ ਖਿੜ ਉੱਠਦਾ ਹੈ, ਤਾਂ ਉਸਦੀ ਖੁਸ਼ਬੂ ਪੂਰੇ ਸਮਾਜ ਦਾ ਹਿੱਸਾ ਬਣ ਜਾਂਦੀ ਹੈ।

ਅਤੇ ਇਹ ਲਾਭ ਇੰਨਾ ਵੱਡਾ ਹੈ ਕਿ ਪੂਰਬ ਨੇ ਕਦੇ ਨਹੀਂ ਕਿਹਾ—

"ਨਾ ਬੈਠੋ ਧਿਆਨ ਵਿੱਚ। ਕੌਣ ਤੁਹਾਨੂੰ ਖੁਆਏਗਾ? ਕੌਣ ਕੱਪੜੇ ਦੇਵੇਗਾ? ਕੌਣ ਆਸਰਾ ਦੇਵੇਗਾ?"

ਹਜ਼ਾਰਾਂ-ਹਜ਼ਾਰ ਲੋਕ...

ਬੁੱਧ ਦੇ ਨਾਲ ਦਸ ਹਜ਼ਾਰ ਭਿਕਸ਼ੂ (ਸਨਿਆਸੀ) ਚੱਲਦੇ ਸਨ

ਪਰ ਲੋਕ ਉਨ੍ਹਾਂ ਨੂੰ ਭੋਜਨ ਦਿੰਦੇ ਸਨ, ਆਸਰਾ ਦਿੰਦੇ ਸਨ, ਕੱਪੜੇ ਦਿੰਦੇ ਸਨ, ਉਨ੍ਹਾਂ ਦੀ ਦੇਖਭਾਲ ਕਰਨ ਵਿੱਚ ਖੁਸ਼ ਸਨ — ਕਿਉਂਕਿ ਉਹ ਧਿਆਨ ਕਰ ਰਹੇ ਸਨ।

ਪੱਛਮ ਵਿੱਚ ਇਸ ਤਰ੍ਹਾਂ ਸੋਚਣਾ ਬਹੁਤ ਔਖਾ ਹੈ।

ਅਤੇ ਹੁਣ ਤਾਂ ਪੂਰਬ ਵਿੱਚ ਵੀ ਇਹ ਔਖਾ ਹੁੰਦਾ ਜਾ ਰਿਹਾ ਹੈ।

ਚੀਨ ਵਿੱਚ ਹੁਣ ਮੱਠ ਬੰਦ ਕੀਤੇ ਜਾ ਰਹੇ ਹਨ, ਧਿਆਨ ਕੇਂਦਰਾਂ ਨੂੰ ਹਸਪਤਾਲਾਂ ਜਾਂ ਸਕੂਲਾਂ ਵਿੱਚ ਬਦਲਿਆ ਜਾ ਰਿਹਾ ਹੈ।

ਮਹਾਨ ਗੁਰੂ ਅਲੋਪ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਖੇਤਾਂ ਜਾਂ ਕਾਰਖਾਨਿਆਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਕਿਸੇ ਨੂੰ ਧਿਆਨ ਕਰਨ ਦੀ ਆਗਿਆ ਨਹੀਂ ਹੈ — ਕਿਉਂਕਿ ਇੱਕ ਮਹਾਨ ਸਮਝ ਗੁਆਚ ਗਈ ਹੈ।

ਸਾਰਾ ਮਨ ਹੁਣ ਭੌਤਿਕਵਾਦ (materialism) ਨਾਲ ਭਰਿਆ ਹੋਇਆ ਹੈ, ਮੰਨੋ ਪਦਾਰਥ ਹੀ ਸਭ ਕੁਝ ਹੈ।

ਜੇਕਰ ਕਿਸੇ ਨਗਰ ਵਿੱਚ ਇੱਕ ਵਿਅਕਤੀ ਵੀ ਪ੍ਰਬੁੱਧ ਹੋ ਜਾਵੇ, ਤਾਂ ਪੂਰੇ ਨਗਰ ਨੂੰ ਲਾਭ ਹੁੰਦਾ ਹੈ। ਉਸਨੂੰ ਸਹਾਰਾ ਦੇਣਾ ਬੇਕਾਰ ਨਹੀਂ ਹੈ।

ਲੋਕ ਮਦਦ ਕਰਕੇ ਅਨੰਦਤ ਹੁੰਦੇ ਸਨ।

ਕਿਉਂਕਿ ਬਿਨਾਂ ਕੁਝ ਕੀਤੇ, ਉਹਨਾਂ ਨੂੰ ਇੰਨੇ ਮਹਾਨ ਖਜ਼ਾਨੇ ਵਿੱਚੋਂ ਹਿੱਸਾ ਮਿਲਦਾ ਸੀ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

# ਕੀ ਇੱਕ ਇਕੱਲਾ ਇਨਸਾਨ ਚਾਰ ਦਹਾਕਿਆਂ ਤੱਕ ਦੁਨੀਆਂ ਦੀ ਸਭ ਤੋਂ ਵੱਡੀਆ ਮਹਾਂਸ਼ਕਤੀਆਂ ਨੂੰ ਚੁਣੌਤੀ ਦੇ ਸਕਦਾ ਹੈ?



ਕੀ ਇੱਕ ਇਕੱਲਾ ਇਨਸਾਨ ਚਾਰ ਦਹਾਕਿਆਂ ਤੱਕ ਦੁਨੀਆਂ ਦੀ ਸਭ ਤੋਂ ਵੱਡੀਆ ਮਹਾਂਸ਼ਕਤੀਆਂ ਨੂੰ ਚੁਣੌਤੀ ਦੇ ਸਕਦਾ ਹੈ? ਕੀ ਪਾਬੰਦੀਆਂ ਦੀ ਅੱਗ ਵਿੱਚ ਝੁਲਸਦਾ ਹੋਇਆ ਇੱਕ ਰਾਸ਼ਟਰ ਆਧੁਨਿਕ ਤਕਨਾਲੋਜੀ ਦਾ ਸਿਰਮੌਰ ਬਣ ਸਕਦਾ ਹੈ? ਜ਼ਿੰਦਾ ਸ਼ਹੀਦ ਆਇਤੁੱਲਾ ਅਲੀ ਖਾਮੇਨੇਈ ਦੇ ਉਸ ਹੈਰਾਨੀ ਜਨਕ ਜੀਵਨ ਦਾ ਦਸਤਾਵੇਜ ਹੈ ਜਿਸਨੇ 1979 ਦੀ ਕ੍ਰਾਂਤੀ ਦੀ ਲਾਟ ਨੂੰ ਜੋ 2026 ਦੇ ਮਹਾਂਯੁੱਧ ਤੱਕ ਇੱਕ ਮਸ਼ਾਲ ਬਣਾ ਕੇ ਰੱਖਿਆ।

ਇਹ ਦਾਸਤਾਨ ਹੈ ਇੱਕ ਅਜਿਹੇ ਦਰਵੇਸ਼ ਦੀ ਜਿਸ ਦਾ ਘਰ ਇੱਕ ਕੁਟੀਆ ਵਰਗਾ ਸੀ ਪਰ ਜਿਸਦੀ ਇੱਕ ਹੁੰਕਾਰ ਨਾਲ ਵਾਈਟ ਹਾਊਸ ਦੀਆਂ ਕੰਧਾਂ ਕੰਬਦੀਆਂ ਸਨ ।ਮਸ਼ਹਦ ਦੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲੈਣ ਵਾਲੇ ਉਸ ਬਾਲਕ ਤੋਂ ਲੈ ਕੇ ਬੈਤ ਏ ਰਹਿਬਰੀ ਦੇ ਉਸ ਗ੍ਰੈਂਡ ਮਾਸਟਰ ਤੱਕ ਦਾ ਸਫਰ ਜਿਸ ਨੇ ਰੂਸ ਅਤੇ ਚੀਨ ਨਾਲ ਮਿਲ ਕੇ ਨਵੀਂ ਵਿਸ਼ਵ ਵਿਵਸਥਾ ਦੀ ਨੀਹ ਰੱਖੀ।

ਇਹ ਕਿਤਾਬ ਤੁਹਾਨੂੰ ਲੈ ਜਾਵੇਗੀ ਉਨਾ ਖੌਫਨਾਕ ਜੰਗ ਦੇ ਮੈਦਾਨਾਂ ਵਿੱਚ ਜਿੱਥੇ ਜਨਰਲ ਕਾਸਿਮ ਸੁਲੇਮਾਨੀ ਨੇ ਪ੍ਰਤੀਰੋਧ ਦੀ ਧੁਰੀ ਤਿਆਰ ਕੀਤੀ ਉਹਨਾਂ ਪ੍ਰਯੋਗਸ਼ਾਲਾਵਾਂ ਵਿੱਚ ਜਿੱਥੇ ਵਿਗਿਆਨਕ ਜਿਹਾਦ ਨੇ ਪਰਮਾਣੂ ਮਾਣ ਹਾਸਿਲ ਕੀਤਾ ਅਤੇ ਅੰਤ ਵਿੱਚ 28 ਫਰਵਰੀ 2026 ਦੀ ਉਸ ਪਰਲੋਕ ਕਾਰੀ ਸਵੇਰ ਵਿੱਚ ਜਿੱਥੇ ਇੱਕ ਮਹਾਨ ਸ਼ਹਾਦਤ ਨੇ ਦੁਨੀਆਂ ਨੂੰ ਤੀਜੇ ਵਿਸ਼ਵ ਯੁੱਧ ਦੇ ਮੁਹਾਨੇ ਤੇ ਲਿਆ ਖੜ੍ਹਾ ਕੀਤਾ।

ਇਤਿਹਾਸ ਦੇ ਪੰਨਿਆਂ ਤੋਂ ਲੈ ਕੇ ਵਰਤਮਾਨ ਦੀ ਅੱਗ ਤੱਕ ਇਹ ਇੱਕ ਅਜਿਹੇ ਰਹਿਨੁਮਾ ਦੀ ਅਣਕਹੀ ਕਹਾਣੀ ਹੈ ਜਿਸ ਨੂੰ ਮੌਤ ਵੀ ਖਾਮੋਸ਼ ਨਹੀਂ ਕਰ ਸਕੀ।

ਕਿਤਾਬ ਮੰਗਵਾਉਣ ਲਈ ਆਪਣਾ ਐਡਰੈੱਸ 8307007508 ਤੇ ਵ੍ਹਟਸਐਪ ਕਰੋ ।

ਕਿਤਾਬ: ਜ਼ਿੰਦਾ ਸ਼ਹੀਦ ਅਲੀ ਖ਼ਾਮਨੇਈ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਪੰਜਾਬੀ ਗਾਇਕਾ ਸੁਨੰਦਾ ਸ਼ਰਮਾ ਨਾਲ ਇੱਕ ਅਣਖਾਈ ਘਟਨਾ ਵਾਪਰ ਗਈ ਹੈ



*ਸੁਨੰਦਾ ਸ਼ਰਮਾ ਵਾਈਟ ਟੀ-ਸ਼ਰਟ ਅਤੇ ਬੈਗੀ ਜੀਨਜ਼ ਪਾਈ ਹੋਈ ਸੀ। ਉਹ ਗਾਣੇ ਗਾ ਰਹੀ ਸੀ ਅਤੇ ਭੀੜ ਨਾਲ ਇੰਟਰੈਕਟ ਕਰ ਰਹੀ ਸੀ। ਅਚਾਨਕ ਭੀੜ ਵਿਚੋਂ ਇੱਕ ਨੌਜਵਾਨ ਛਾਲ ਮਾਰ ਕੇ ਸਟੇਜ ਤੇ ਚੜ੍ਹ ਗਿਆ। ਉਸ ਨੇ ਸੁਨੰਦਾ ਸ਼ਰਮਾ ਦੇ ਪੈਰ ਛੂਹਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੇ ਪੈਰਾਂ ਤੇ ਡਿੱਗ ਵੀ ਗਿਆ*

ਪੰਜਾਬੀ ਗਾਇਕਾ ਸੁਨੰਦਾ ਸ਼ਰਮਾ ਨਾਲ ਇੱਕ ਅਣਖਾਈ ਘਟਨਾ ਵਾਪਰ ਗਈ ਹੈ। ਇਸ ਘਟਨਾ ਨੇ ਸਾਰੇ ਫੈਨਜ਼ ਨੂੰ ਹੈਰਾਨ ਕਰ ਦਿੱਤਾ ਹੈ ਅਤੇ ਆਰਟਿਸਟ ਸੁਰੱਖਿਆ ਬਾਰੇ ਚਰਚਾ ਛੇੜ ਦਿੱਤੀ ਹੈ। ਘਟਨਾ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿਚ ਰਾਜ ਕੁਮਾਰ ਗੋਇਲ ਇੰਸਟੀਚਿਊਟ ਆਫ ਟੈਕਨਾਲੋਜੀ (ਆਰਕੇਜੀਆਈਟੀ) ਕਾਲਜ ਵਿਚ ਵਾਪਰੀ। ਇਹ ਇੱਕ ਕਾਲਜ ਫੈਸਟ ਵਾਲਾ ਪ੍ਰੋਗਰਾਮ ਸੀ ਜਿਸ ਵਿਚ ਸੁਨੰਦਾ ਸ਼ਰਮਾ ਲਾਈਵ ਪਰਫਾਰਮੈਂਸ ਕਰ ਰਹੀ ਸੀ।3 ਅਪ੍ਰੈਲ ਦੀ ਰਾਤ ਨੂੰ ਸੁਨੰਦਾ ਸ਼ਰਮਾ ਵਾਈਟ ਟੀ-ਸ਼ਰਟ ਅਤੇ ਬੈਗੀ ਜੀਨਜ਼ ਪਾਈ ਹੋਈ ਸੀ। ਉਹ ਗਾਣੇ ਗਾ ਰਹੀ ਸੀ ਅਤੇ ਭੀੜ ਨਾਲ ਇੰਟਰੈਕਟ ਕਰ ਰਹੀ ਸੀ। ਅਚਾਨਕ ਭੀੜ ਵਿਚੋਂ ਇੱਕ ਨੌਜਵਾਨ ਛਾਲ ਮਾਰ ਕੇ ਸਟੇਜ ਤੇ ਚੜ੍ਹ ਗਿਆ। ਉਸ ਨੇ ਸੁਨੰਦਾ ਸ਼ਰਮਾ ਦੇ ਪੈਰ ਛੂਹਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੇ ਪੈਰਾਂ ਤੇ ਡਿੱਗ ਵੀ ਗਿਆ। ਇਸ ਅਚਾਨਕ ਹਰਕਤ ਨਾਲ ਸੁਨੰਦਾ ਸ਼ਰਮਾ ਬਹੁਤ ਘਬਰਾ ਗਈ। ਉਸ ਨੇ ਡਰ ਨਾਲ ਉੱਚੀ ਚੀਕ ਮਾਰੀ ਅਤੇ ਤੁਰੰਤ ਮਾਈਕ ਤੋਂ ਹਟ ਕੇ ਬੈਕਸਟੇਜ ਵੱਲ ਭੱਜ ਗਈ।ਮਾਈਕ ਚਾਲੂ ਹੋਣ ਕਰਕੇ ਉਸ ਦੀ ਚੀਕ ਸਾਰੀ ਭੀੜ ਨੇ ਸੁਣ ਲਈ ਅਤੇ ਮਾਹੌਲ ਵਿਚ ਹੰਗਾਮਾ ਮਚ ਗਿਆ। ਸੁਰੱਖਿਆ ਸਟਾਫ ਤੁਰੰਤ ਹਰਕਤ ਵਿਚ ਆਇਆ ਅਤੇ ਉਸ ਨੌਜਵਾਨ ਨੂੰ ਸਟੇਜ ਤੋਂ ਹਟਾ ਕੇ ਕਾਬੂ ਕਰ ਲਿਆ। ਬਾਅਦ ਵਿਚ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ। ਖਬਰਾਂ ਮੁਤਾਬਕ ਉਹ ਨੌਜਵਾਨ ਉਸੇ ਕਾਲਜ ਦਾ ਵਿਦਿਆਰਥੀ ਸੀ। ਸੁਨੰਦਾ ਸ਼ਰਮਾ ਇਸ ਘਟਨਾ ਤੋਂ ਬਾਅਦ ਇੰਨੀ ਘਬਰਾਈ ਹੋਈ ਸੀ ਕਿ ਉਸ ਨੇ ਸ਼ੋਅ ਅੱਧ ਵਿਚ ਹੀ ਛੱਡ ਦਿੱਤਾ ਅਤੇ ਵਾਪਸ ਨਾ ਆਈ। ਪੂਰਾ ਪ੍ਰੋਗਰਾਮ ਰੱਦ ਹੋ ਗਿਆ।

# ਬੇਅਦਬੀਆਂ ਸੰਬੰਧੀ ਕਨੂੰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਜਥੇਬੰਦੀਆਂ ਦੀ ਇਕੱਤਰਤਾ 6 ਅਪ੍ਰੈਲ ਨੂੰ



ਅੰਮ੍ਰਿਤਸਰ,ਚੋਹਲਾ ਸਾਹਿਬ 5 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਬਣਾਏ ਜਾ ਰਹੇ ਕਾਨੂੰਨ ਸਬੰਧੀ ਵਿਚਾਰ ਕਰਨ ਵਾਸਤੇ ਭਲਕੇ 6 ਅਪ੍ਰੈਲ ਨੂੰ ਬੁਲਾਈ ਗਈ ਪੰਥਕ ਇਕੱਤਰਤਾ ਵਿੱਚ ਸਮੂਹ ਜਥੇਬੰਦੀਆਂ ਦੇ ਆਗੂਆਂ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ। ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਵੇਰੇ 11 ਵਜੇ ਆਰੰਭ ਹੋਵੇਗੀ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਮੁੱਚੀ ਕੌਮ ਲਈ ਬੇਹੱਦ ਅਹਿਮ ਤੇ ਸੰਜੀਦਾ ਮਾਮਲਾ ਹੈ, ਜਿਸ ਪ੍ਰਤੀ ਸਮੁੱਚੀਆਂ ਸਿੱਖ ਜਥੇਬੰਦੀਆਂ ਨਾਲ ਵਿਚਾਰ ਕਰਕੇ ਸਾਂਝੀ ਪੰਥਕ ਰਾਇ ਕਾਇਮ ਕਰਨੀ ਜਰੂਰੀ ਹੈ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤਿ ਗੁਰੂ ਹਨ ਜਿਸ ਪ੍ਰਤੀ ਬਣਾਏ ਜਾਣ ਵਾਲੇ ਕਾਨੂੰਨ ਦੇ ਵਿਸਤ੍ਰਿਤ ਪੱਖਾਂ ਉਪਰ ਵਿਆਪਕ ਚਰਚਾ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਰਿਸੇ ਮਨਸ਼ਾ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਬੈਠਕ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਇਕੱਤਰਤਾ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਦਮਦਮੀ ਟਕਸਾਲ, ਸਿੱਖ ਸੰਸਥਾਵਾਂ, ਸਿੱਖ ਵਿਦਵਾਨਾਂ, ਸਿੱਖ ਜੱਜਾਂ ਤੇ ਵਕੀਲਾਂ, ਸਿੱਖ ਮਿਸ਼ਨਰੀ ਕਾਲਜਾਂ, ਸਿੰਘ ਸਭਾਵਾਂ, ਸਿੱਖ ਫੈਡਰੇਸ਼ਨਾਂ, ਸਮੂਹ ਸਿੱਖ ਸੰਪਰਦਾਵਾਂ ਦੇ ਮੁਖੀਆਂ, ਨਿਰਮਲੇ, ਉਦਾਸੀ, ਸੇਵਾ ਪੰਥੀ ਤੇ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਸਮੇਤ ਪ੍ਰਮੁੱਖ ਸਿੱਖ ਜਥੇਬੰਦੀਆਂ ਨੂੰ ਸਦਾ ਪੱਤਰ ਭੇਜੇ ਜਾ ਚੁੱਕੇ ਹਨ।

# ਰਾਜਸਥਾਨ ਵਿਚ ਇੱਕ ਵਧੀਆ ਇਨਸਾਨੀ ਸੇਵਾ ਦਾ ਕੰਮ ਹੋਇਆ



ਰਾਜਸਥਾਨ ਵਿਚ ਇੱਕ ਵਧੀਆ ਇਨਸਾਨੀ ਸੇਵਾ ਦਾ ਕੰਮ ਹੋਇਆ ਹੈ। ਇੱਥੇ ੧੭੬੭੫ ਅੰਦ੍ਹੇ ਵਿਅਕਤੀਆਂ ਨੂੰ ਆਪਣੀ ਨਜ਼ਰ ਵਾਪਸ ਮਿਲ ਗਈ ਹੈ। ਇਹ ਵੱਡਾ ਕੰਮ ਆਖ਼ਾਂ ਦੀ ਬਖ਼ਸ਼ਿਸ਼ ਰਾਹੀਂ ਹੋਇਆ ਹੈ। ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਾਪਸ ਮਿਲ ਗਈ ਹੈ। ਉਹ ਹੁਣ ਆਪਣੇ ਘਰ ਚਲਾ ਸਕਦੇ ਹਨ, ਬੱਚਿਆਂ ਨਾਲ ਖੇਡ ਸਕਦੇ ਹਨ ਅਤੇ ਕੰਮ-ਕਾਜ ਵੀ ਕਰ ਸਕਦੇ ਹਨ। ਇਸ ਨਾਲ ਉਨ੍ਹਾਂ ਦੇ ਚਿਹਰਿਆਂ ਤੇ ਖੁਸ਼ੀ ਵਾਪਸ ਆ ਗਈ ਹੈ।ਇਸ ਮੁਹਿੰਮ ਨੂੰ ਇੱਕ ਵੱਡੀ ਟੀਮ ਨੇ ਚਲਾਇਆ। ਡਾਕਟਰਾਂ, ਵਲੰਟੀਅਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਇਸ ਵਿਚ ਯੋਗਦਾਨ ਪਾਇਆ। ਰਾਜਸਥਾਨ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕੈਂਪ ਲਗਾਏ ਗਏ। ਲੋਕਾਂ ਨੂੰ ਮੁਫ਼ਤ ਜਾਂ ਘੱਟ ਖਰਚੇ ਵਿਚ ਆਪਰੇਸ਼ਨ ਕੀਤਾ ਗਿਆ। ਬਹੁਤ ਸਾਰੇ ਲੋਕ ਗਰੀਬ ਸਨ ਅਤੇ ਇਲਾਜ ਲਈ ਪੈਸਾ ਨਹੀਂ ਸੀ। ਇਸ ਯੋਜਨਾ ਨੇ ਉਨ੍ਹਾਂ ਲਈ ਆਸ ਦੀ ਕਿਰਨ ਬਣਾਈ।ਆਖ਼ਾਂ ਦੀ ਬਖ਼ਸ਼ਿਸ਼ ਇੱਕ ਵਧੀਆ ਰੀਤੀ ਹੈ। ਜਦੋਂ ਕੋਈ ਵਿਅਕਤੀ ਇਸ ਲੋਕ ਤੋਂ ਚਲਾ ਜਾਂਦਾ ਹੈ ਤਾਂ ਉਸ ਦੀਆਂ ਆਖ਼ਾਂ ਦਾਨ ਕਰਕੇ ਦੂਜਿਆਂ ਨੂੰ ਰੋਸ਼ਨੀ ਦਿੱਤੀ ਜਾ ਸਕਦੀ ਹੈ। ਇੱਕ ਵਿਅਕਤੀ ਦੀ ਆਖ਼ ਦਾਨ ਨਾਲ ਦੋ ਲੋਕਾਂ ਨੂੰ ਨਜ਼ਰ ਮਿਲ ਸਕਦੀ ਹੈ। ਰਾਜਸਥਾਨ ਵਿਚ ਲੋਕਾਂ ਨੇ ਇਸ ਭਲਾਈ ਦੇ ਕੰਮ ਵਿਚ ਵੱਡਾ ਹਿੱਸਾ ਪਾਇਆ। ਡਾਕਟਰਾਂ ਨੇ ਬਹੁਤ ਮਿਹਨਤ ਕੀਤੀ। ਉਨ੍ਹਾਂ ਨੇ ਆਪਰੇਸ਼ਨ ਠੀਕ ਤਰ੍ਹਾਂ ਕੀਤੇ ਅਤੇ ਬਾਅਦ ਵਿਚ ਵੀ ਫਾਲੋ ਅੱਪ ਕੀਤਾ।ਇਸ ਤੋਂ ਪਹਿਲਾਂ ਵੀ ਰਾਜਸਥਾਨ ਵਿਚ ਅਜਿਹੀਆਂ ਮੁਹਿੰਮਾਂ ਚੱਲੀਆਂ ਹਨ ਪਰ ਇਸ ਵਾਰ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਫਾਇਦਾ ਹੋਇਆ। ਲੋਕਾਂ ਨੇ ਖੁਸ਼ੀ ਨਾਲ ਦੱਸਿਆ ਕਿ ਉਨ੍ਹਾਂ ਨੂੰ ਫਿਰ ਤੋਂ ਦੁਨੀਆਂ ਨਜ਼ਰ ਆਉਣ ਲੱਗੀ ਹੈ। ਇੱਕ ਬਜ਼ੁਰਗ ਆਪਣੇ ਪੋਤੇ-ਪੋਤੀਆਂ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਹੈ। ਇੱਕ ਔਰਤ ਆਪਣਾ ਘਰ ਸੰਭਾਲ ਸਕਦੀ ਹੈ। ਇਸ ਤਰ੍ਹਾਂ ਇਸ ਮੁਹਿੰਮ ਨੇ ਹਜ਼ਾਰਾਂ ਪਰਿਵਾਰਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ।



# ਵਾਤਾਵਰਣ ਸੁਰੱਖਿਆ ਲਈ ਸੇਵਿਅਰ ਕਲੱਬ ਆਇਆ ਅੱਗੇ

ਪਟਿਆਲਾ (ਸ਼ਰਮਾ) ਸਰਕਾਰੀ ਹਾਈ ਸਕੂਲ ਨਵਾਂ ਰੱਖੜਾ (ਪਟਿਆਲਾ—3) ਵਿਖੇ ਸੇਵਿਅਰ ਕਲੱਬ (ਰਜਿ) ਪਟਿਆਲਾ ਵੱਲੋਂ ਬੂਟੇ ਲਗਾਏ ਗਏ। ਸਕੂਲ ਦੀ ਮੁੱਖ ਅਧਿਆਪਕਾ ਸੁੱਖਪ੍ਰੀਤ ਕੌਰ ਅਤੇ ਸਮੁੱਚੇ ਸਟਾਫ ਨੇ ਬੂਟੇ ਲਗਵਾਉਣ ਵਿੱਚ ਪੂਰਾ ਸਹਿਯੋਗ ਦਿੱਤਾ। ਕੈਂਪਸ ਵਿੱਚ ਡੇਕ, ਸਹੁੰਜਨਾ, ਚਾਂਦਨੀ, ਦੇਸੀ ਗੁਲਾਬ ਦੇ ਬੂਟੇ ਲਗਾਏ ਗਏ। ਸਕੂਲ ਮੁਖੀ ਵੱਲੋਂ ਕਲੱਬ ਦੇ ਸਰਗਰਮ ਮੈਂਬਰ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ ਅਤੇ ਪਰਮਵੀਰ ਸਿੰਘ ਆਦਿ ਦਾ ਖਾਸ ਤੌਰ ਤੇ ਧੰਨਵਾਦ ਕੀਤਾ ਗਿਆ। ਕਲੱਬ ਦੇ ਪ੍ਰਮੁੱਖ ਅਹੁੱਦੇਦਾਰਾਂ ਪਵਨ ਗਰਗ ਅਤੇ ਚਮਨ ਸ਼ਰਮਾ ਨੇ ਕਿਹਾ ਕਿ ਮਨੁੱਖੀ ਨਸਲ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣਾ ਹੁਣ ਸਮੇਂ ਦੀ ਲੋੜ ਬਣ ਚੁੱਕੀ ਹੈ।ਜੇਕਰ ਬਾਹਰਲੇ ਦੇਸ਼ਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਹਰ ਇੱਕ ਵਿਅਕਤੀ ਦੇ ਪਿੱਛੇ 10 ਹਜ਼ਾਰ ਤੋਂ ਜਿਆਦਾ ਰੁੱਖ ਹਿੱਸੇ ਵਿੱਚ ਆਉਂਦੇ ਹਨ ਜਦੋਂ ਕਿ ਭਾਰਤ ਵਿੱਚ ਇਹ ਅੰਕੜੇ ਬਹੁਤ ਹੀ ਨਿਰਾਸ਼ਾਜਨਕ ਹਨ। ਇਸ ਲਈ ਹਰੇਕ ਵਿਅਕਤੀ ਨੂੰ ਆਪਣੇ ਆਲੇ ਦੁਆਲੇ ਬੂਟੇ ਲਗਾਕੇ ਉਸਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਜ਼ੋ ਆਉਣ ਵਾਲੇ ਸੰਕਟ ਤੋਂ ਬਚਿਆ ਜਾ ਸਕੇ।ਸਕੂਲ ਮੁਖੀ ਨੇ ਕਿਹਾ ਕਿ ਅਕਸਰ ਹੀ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਦੇ ਉੱਪਰ ਦੱਸਦੇ ਹੋਏ ਲਗਾਤਾਰ ਜਾਗਰੂਕ ਕੀਤਾ ਜਾਂਦਾ ਹੈ। ਇੱਥੇ ਜਿਕਰਯੋਗ ਹੈ ਕਿ ਕਲੱਬ ਵੱਲੋਂ ਵਾਤਾਵਰਨ ਦੀ ਸਰੁੱਖਿਆ ਦੇ ਤਹਿਤ ਹਰ ਐਤਵਾਰ ਸਫਾਈ ਅਭਿਆਨ ਵੇਲੇ ਪਲਾਸਟਿਕ ਦਾ ਕਚਰਾ ਹਟਾਇਆ ਜਾ ਰਿਹਾ ਹੈ।

# ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਅੱਠਵਾਂ ਸਾਲਾਨਾ ਏਕਮ ਪੁਰਸਕਾਰ ਸਮਾਰੋਹ




**ਅੰਮ੍ਰਿਤਸਰ,ਚੋਹਲਾ ਸਾਹਿਬ 5 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਅੱਠਵਾਂ ਸਾਲਾਨਾ ਏਕਮ ਪੁਰਸਕਾਰ ਸਮਾਰੋਹ ਭਾਈ ਵੀਰ ਸਿੰਘ ਨਿਵਾਸ ਅਸਥਾਨ, ਲਾਰੈਂਸ ਰੋਡ ਵਿਖੇ ਹੋਇਆ। ਏਕਮ ਨਜ਼ਮ ਪੁਰਸਕਾਰ ਹਰਜੀਤ ਸਿੰਘ ਸੰਧੂ ਨੂੰ ਉਸ ਦੀ ਪਲੇਠੀ ਦੀ ਪੁਸਤਕ 'ਥੱਕੇ ਹਾਰੇ ਸ਼ਹਿਰ ਦੀ ਨੀਂਦ' ਤੇ ਗ਼ਜ਼ਲ ਪੁਰਸਕਾਰ ਮਨਜੀਤ ਕੌਰ ਮੀਸ਼ਾ ਨੂੰ ਉਸ ਦੀ ਪਲੇਠੀ ਪੁਸਤਕ 'ਆਸਾਂ ਦੇ ਤਾਰੇ ' ਨੂੰ ਦਿੱਤਾ ਗਿਆ ।

ਡਾ.ਲਖਵਿੰਦਰ ਸਿੰਘ ਜੌਹਲ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਸਿਸਟੈਂਟ ਪ੍ਰੋਫੈਸਰ ਡਾ. ਬਲਜੀਤ ਕੌਰ ਰਿਆੜ ਨੇ ਮੰਚ ਸੰਭਾਲਿਆ । ਡਾ. ਰਾਕੇਸ਼ ਤਿਲਕ ਰਾਜ਼ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ । ਮੰਚ ਤੇ ਡਾ.ਲਖਵਿੰਦਰ ਸਿੰਘ ਜੌਹਲ,ਇਨਾਮ ਪ੍ਰਾਪਤ ਕਰਨ ਵਾਲੀਆਂ ਸ਼ਖ਼ਸੀਅਤਾਂ,ਡਾ, ਸੁਖਬੀਰ ਕੌਰ ਮਾਹਲ, ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਫਾਰ ਵੁਮੈਨ ,ਸਿਫਰ ਸਤਬੀਰ ਸਿੰਘ,ਅਰਵਿੰਦਰ ਸਿੰਘ ਭੱਟੀ ਤੇ ਸੁਰਿੰਦਰ ਫ਼ਰਿਸ਼ਤਾ ਬੈਠੇ ।

ਅਰਤਿੰਦਰ ਸੰਧੂ ਨੇ ਸਰੋਤਿਆਂ ਨੂੰ ਏਕਮ ਸਾਹਿਤ ਮੰਚ ਵੱਲੋਂ ਪਿਛਲੇ ਵਰ੍ਹਿਆਂ ਦੌਰਾਨ ਕੀਤੇ ਗਏ ਸਾਹਿਤਕ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਸ਼ਾਇਰਾਂ ਦੀ ਪਹਿਲੀ ਕਿਤਾਬ ਨੂੰ ਪੁਰਸਕਾਰ ਦੇਣ ਪਿੱਛੇ ਉਹਨਾਂ ਦੀ ਸਿਰਜਣਾਤਮਕ ਊਰਜਾ ਨੂੰ ਉਤਸ਼ਾਹਿਤ ਕਰਨਾ ਹੈ । ਹਰਜੀਤ ਸਿੰਘ ਸੰਧੂ ਦੀ ਕਿਤਾਬ ਬਾਰੇ ਪੇਪਰ ਮਲਕੀਤ ਰਾਸੀ ਨੇ ਪੜ੍ਹਿਆ ਤੇ ਮਨਜੀਤ ਕੌਰ ਮੀਸ਼ਾ ਦੀ ਕਿਤਾਬ ਬਾਰੇ ਸਰਬਜੀਤ ਸੰਧੂ ਨੇ ਪਰਚਾ ਪੜ੍ਹਿਆ ਡਾ. ਲਖਵਿੰਦਰ ਸਿੰਘ ਜੌਹਲ ਨੇ ਦੋਹਾਂ ਸਨਮਾਨਿਤ ਹੋਣ ਵਾਲੇ ਸ਼ਾਇਰਾਂ ਨੂੰ ਮੁਬਾਰਕ ਦੇਂਦਿਆ ਹੋਇਆਂ ਕਿਹਾ ਕਿ ਏਕਮ ਸਾਹਿਤ ਮੰਚ ਵੱਲੋਂ ਕਵੀਆਂ ਦੀ ਪਹਿਲੀ ਕਿਤਾਬ ਨੂੰ ਸਨਮਾਨ ਦੇਣਾ ਉਹਨਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਉਹਨਾਂ ਬਾਰੇ ਸਾਹਿਤਕ ਖੇਤਰ ਨੂੰ ਜਾਣਕਾਰੀ ਦੇਣਾ ਵੀ ਹੈ ।ਹਰਜੀਤ ਸਿੰਘ ਸੰਧੂ ਤੇ ਮਨਜੀਤ ਕੌਰ ਮੀਸ਼ਾ ਨੇ ਹਾਜ਼ਰ ਸਰੋਤਿਆਂ ਨਾਲ ਆਪਣੀਆਂ ਕਵਿਤਾਵਾਂ ਤੇ ਗਜ਼ਲਾਂ ਦੀ ਸਾਂਝ ਵੀ ਪਾਈ । ਇਸ ਤੋਂ ਪਿੱਛੋਂ ਪ੍ਰਧਾਨ ਡਾ.ਲਖਵਿੰਦਰ ਸਿੰਘ ਜੌਹਲ ਨੂੰ ਏਕਮ ਸਨਮਾਨ ਚਿੰਨ੍ਹ ਤੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਏਕਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਪ੍ਰੋਗਰਾਮ ਦੇ ਅੰਤ ਵਿੱਚ ਡਾ. ਸੁਖਬੀਰ ਕੌਰ ਮਾਹਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

ਸਮਾਗਮ ਵਿੱਚ ਵਿਜੇਤਾ ਰਾਜ,ਕਮਲ ਗਿੱਲ, ਰਾਜਖੁਸ਼ਵੰਤ ਸਿੰਘ ਸੰਧੂ,ਐਸ. ਪ੍ਰਸ਼ੋਤਮ, ਜਸਪ੍ਰੀਤ ਕੌਰ,ਜਸਬੀਰ ਕੌਰ ਜੱਸ,ਧਰਵਿੰਦਰ ਔਲਖ,ਸ਼ੁੱਭ ਕਿਰਨ,ਹਰਮੀਤ ਆਰਟਿਸਟ,ਬਰਕਤ ਸਿੰਘ ਵੋਹਰਾ,ਨੀਲਮ ਵੋਹਰਾ,ਡਾ.ਮੋਹਨ ਬੇਗੋਵਾਲ, ਮਲਵਿੰਦਰ,ਜਸਵਿੰਦਰ ਸਿੰਘ ਝਬਾਲ,ਭੁਪਿੰਦਰ ਸੰਧੂ,ਜਸਵੰਤ ਧਾਪ,ਕੁਲਵੰਤ ਸਿੰਘ ਸੰਧੂ,ਜਸਪਾਲ ਸਿੰਘ,ਸੁਰਿੰਦਰ ਕੁਮਾਰ ਜੋਸ਼ੀ,ਜਸਵੰਤ ਸਿੰਘ ਜੈਥਰ,ਕੰਵਲਪ੍ਰੀਤ ਕੌਰ ਥਿੰਧ ,ਗੁਰਜੀਤ ਅਜਨਾਲਾ, ਹਰਜੀਤ ਕੌਰ ਬਮਰ੍ਹਾ,ਸਦਾਜੀਤ ਸਿੰਘ ਬਮਰ੍ਹਾ ,ਨਵਦੀਪ ਸਿੰਘ,ਜਗਤਾਰ ਗਿੱਲ,ਪਰਮਿੰਦਰ ਸਿੰਘ ਸੂਫ਼ੀ,ਸੁਰਿੰਦਰ ਸਿੰਘ ਚੌਹਕਾ,ਸੁਜਾਤਾ,ਭੁਪਿੰਦਰ ਸਿੰਘ ਭਾਟੀਆ, ਬਲਦੇਵ ਰਾਜ ਲੂਥਰਾ ,ਧਰਮਪਾਲ,ਗਿਆਨ ਸਿੰਘ ਘਈ,ਪਰਗਟ ਸਿੰਘ ਬੱਲ ਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ ਵਿਖੇ ਹੋਇਆ ਅੰਮ੍ਰਿਤ ਸੰਚਾਰ ਸਮਾਗਮ



**ਅੰਮ੍ਰਿਤਸਰ,ਚੋਹਲਾ ਸਾਹਿਬ 5 ਅਪ੍ਰੈਲ(ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਤਹਿਤ ਸਹਿਜ ਪਾਠ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ (ਅੰਮ੍ਰਿਤਸਰ) ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ, ਜਿਸ ਦੌਰਾਨ 90 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ‘ਤੇ ਪੁੱਜੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰਮ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਲਹਿਰ ਤਹਿਤ ਵੱਖ-ਵੱਖ ਪਿੰਡਾਂ ਅੰਦਰ ਸਮਾਗਮ ਕੀਤੇ ਜਾ ਰਹੇ ਹਨ। ਇਸੇ ਤਹਿਤ ਹੀ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਉਨ੍ਹਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਨੂੰ ਗੁਰੂ ਵਾਲੇ ਬਣਨ ’ਤੇ ਵਧਾਈ ਵੀ ਦਿੱਤੀ।ਅੰਮ੍ਰਿਤ ਸੰਚਾਰ ਦੌਰਾਨ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਤੋਂ ਇਲਾਵਾ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ ਦੇ ਮੈਨੇਜਰ ਸ. ਜਗਰੂਪ ਸਿੰਘ, ਪ੍ਰਚਾਰਕ ਭਾਈ ਦਿਲਬਾਗ ਸਮੇਤ ਹੋਰ ਹਾਜ਼ਰ ਸਨ।

# ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਦੇਣ ਤੋਂ ਵੀ ਮੁੱਕਰੀ- ਪੈਨਸ਼ਨਰ ਆਗੂ



**ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਤੇ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ |**

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 5 ਅਪ੍ਰੈਲ ਪੰਜਾਬ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਤਰਨ ਤਾਰਨ ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰ ਆਗੂ ਸਰਬਜੀਤ ਸਿੰਘ ਪੁਰੀ, ਸੁੱਚਾ ਸਿੰਘ, ਦਿਲਬਾਗ ਸਿੰਘ ਵਰਪਾਲ ਤੇ ਕਾਰਜ ਸਿੰਘ ਕੈਰੋਂ ਦੀ ਪ੍ਰਧਾਨਗੀ ਹੇਠ ਰੋਡਵੇਜ ਭਵਨ ਤਰਨ ਤਾਰਨ ਵਿਖੇ ਕੀਤੀ ਗਈ। ਇਸ ਸਮੇਂ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਚਰਚਾ ਕੀਤੀ ਗਈ। ਇਸ ਸਮੇਂ ਜਥੇਬੰਦੀ ਦੇ ਵਿੱਤ ਸਕੱਤਰ ਸਵਰਨ ਸਿੰਘ ਕੁਹਾੜਕਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਕਰੋੜਾਂ ਦੇ ਰੂਪ ਵਿਚ ਬਕਾਏ ਖੜ੍ਹੇ ਹਨ, ਪੈਨਸ਼ਨਰਾਂ ਦਾ 2.59 ਦੇ ਫੈਕਟਰ ਦਾ ਮਸਲਾ ਜਿਉਂ ਦਾ ਤਿਉਂ ਹੈ। ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀ ਕੀਤੀ ਗਈ , ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਣਦਾ 16% ਮਹਿੰਗਾਈ ਭੱਤਾ ਸਰਕਾਰ ਦੱਬ ਕੇ ਬੈਠੀ ਹੈ, ਜਦ ਕਿ ਕੇਂਦਰ ਸਰਕਾਰ ਨੇ ਅੱਠਵਾਂ ਪੇ-ਕਮਿਸ਼ਨ ਜਨਵਰੀ 2026 ਤੋਂ ਦੇਣਾ ਕੀਤਾ ਹੈ, ਪਰ ਪੰਜਾਬ ਸਰਕਾਰ ਨੇ ਸਿਵਾਏ ਲਾਰਿਆਂ ਦੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਇਕ ਮੰਗ ਵੀ ਪੂਰੀ ਨਹੀ ਕੀਤੀ। ਹਾਈਕੋਰਟ ਵਿਚ ਮੁਲਾਜ਼ਮਾਂ ਵੱਲੋਂ ਮਹਿੰਗਾਈ ਭੱਤੇ ਤੇ ਬਕਾਇਆ ਸਬੰਧੀ ਪਾਈ ਗਈ ਰਿਟ ਪਟੀਸ਼ਨ ਦੇ ਜਵਾਬ ਵਿਚ ਸਰਕਾਰ ਦਾ ਉਸ ਵੇਲੇ ਦੋਗਲਾ ਚਿਹਰਾ ਸਾਹਮਣੇ ਆਇਆ ਜਦੋਂ ਸਰਕਾਰ ਦੁਆਰਾ ਦਿਤੇ ਹਲਫ਼ਨਾਮੇ ਵਿੱਚ ਕਿਹਾ ਗਿਆ ਕਿ ਸਰਕਾਰ ਮਹਿੰਗਾਈ ਭੱਤੇ ਤੇ ਬਕਾਇਆ ਦੇਣ ਲਈ ਪਾਬੰਦ ਨਹੀਂ ਹੈ, ਜਦ ਕਿ ਮਾਨ ਸਰਕਾਰ ਦੁਆਰਾ ਸਰਕਾਰ ਦੀਆਂ ਝੂਠੀਆਂ ਉੱਪਲਭਦੀਆਂ ਗਿਣਾਉਣ ਲਈ ਕਰੋੜਾਂ ਰੁਪਏ ਇਸ਼ਤਿਹਾਰਾਂ ਤੇ ਮਸ਼ਹੂਰੀਆਂ ਲਈ ਖ਼ਰਚੇ ਜਾ ਰਹੇ ਹਨ। ਇਸ ਸਮੇਂ ਗੁਰਦੀਪ ਸਿੰਘ, ਮਹਿੰਦਰ ਸਿੰਘ, ਅਜਮੇਰ ਸਿੰਘ, ਹਰਬੰਸ ਸਿੰਘ, ਜਸਵੰਤ ਸਿੰਘ, ਲੱਖਾ ਸਿੰਘ, ਬਲਦੇਵ ਸਿੰਘ, ਆਸ਼ਾ ਸਿੰਘ, ਰਣਜੀਤ ਸਿੰਘ, ਬਲਵਿੰਦਰ ਸਿੰਘ, ਜਸਵੰਤ ਸਿੰਘ, ਬਲਰਾਜ ਸਿੰਘ,ਕਸ਼ਮੀਰ ਸਿੰਘ, ਜੀਵਨ ਸਿੰਘ, ਹਰਜੀਤ ਸਿੰਘ, ਰਾਮ ਸਿੰਘ, ਸੈਕਟਰੀ ਨਵਦੀਪ ਸਿੰਘ, ਰਜਨੀਸ਼ ਸਿੰਘ, ਲਖਵਿੰਦਰ ਸਿੰਘ, ਕੁਲਵਿੰਦਰ ਸਿੰਘ, ਪ੍ਰਧਾਨ ਸਤਨਾਮ ਸਿੰਘ, ਤਰਸੇਮ ਸਿੰਘ ਆਦਿ ਆਗੂ ਹਾਜ਼ਰ ਸਨ।






# “ਵਾਤਾਵਰਣ ਸੁਰੱਖਿਆ” ਤਹਿਤ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ



**ਪਟਿਆਲਾ (ਚਮਨਦੀਪ ਸ਼ਰਮਾ,) |**

ਸੇਵਿਅਰ ਕਲੱਬ (ਰਜਿ) ਪਟਿਆਲਾ ‘ਵਾਤਾਵਰਨ ਦੀ ਸੁਰੱਖਿਆ’ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਲਗਾਤਾਰ ਗਤੀਵਿਧੀਆਂ ਕਰਨ ਵਿੱਚ ਮਸ਼ਰੂਫ ਹੈ।ਹਾਲ ਹੀ ਦੇ ਵਿੱਚ ਕਲੱਬ ਵੱਲੋਂ ਸਰਕਾਰੀ ਮਿਡਲ ਸਕੂਲ ਬਖਸ਼ੀਵਾਲਾ (ਪਟਿਆਲਾ—3) ਦੇ ਵਿੱਚ ਵੱਖ—ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ ਹਨ।ਇਹਨਾਂ ਬੂਟਿਆਂ ਵਿੱਚ ਤੂਤ, ਨਿੰਮ, ਹੀਬੀਸ਼ਕਸ਼, ਦੇਸੀ ਗੁਲਾਬ, ਸੁਹੰਜਨਾ, ਜਾਮਣ, ਡੇਕ ਆਦਿ ਸ਼ਾਮਿਲ ਸਨ। ਇਸ ਪ੍ਰੋਗਰਾਮ ਸਮੇਂ ਸੇਵਿਅਰ ਕਲੱਬ ਦੇ ਪ੍ਰਮੁੱਖ ਅਹੁੱਦੇਦਾਰ ਪਵਨ ਗਰਗ ਅਤੇ ਚਮਨ ਸ਼ਰਮਾ ਨੇ ਕਿਹਾ ਕਿ ਮਨੁੱਖ ਦੁਆਰਾ ਦਰੱਖਤਾਂ ਦੀ ਲਗਾਤਾਰ ਕਟਾਈ ਕਰਨ ਨਾਲ ਵਾਤਾਵਰਨ ਦਾ ਸੰਤੁਲਨ ਵਿਗੜ ਰਿਹਾ ਹੈ।ਜੇਕਰ ਇਸ ਪ੍ਰਤਿ ਜਲਦੀ ਗੌਰ ਨਾ ਕੀਤੀ ਗਈ ਤਾਂ ਇਸਦੇ ਨਤੀਜੇ ਬਹੁਤ ਮਾੜੇ ਆਉਣਗੇ।ਉਹਨਾਂ ਕਿਹਾ ਕਿ ਕਲੱਬ ਦੁਆਰਾ ਵੱਖ—ਵੱਖ ਵਿਦਿਅਕ ਅਤੇ ਹੋਰ ਸੰਸਥਾਵਾਂ ਵਿੱਚ ਬੂਟਿਆਂ ਨੂੰ ਲਗਾਉਣ ਸੰਬੰਧੀ ਸਹਿਮਤੀ ਮੰਗੀ ਜਾਂਦੀ ਹੈ।ਫਿਰ ਸਹਿਮਤੀ ਦੇਣ ਵਾਲੀਆਂ ਸੰਸਥਾਵਾਂ ਵਿੱਚ ਬੂਟੇ ਲਗਾਏ ਜਾਂਦੇ ਹਨ।ਉਹਨਾਂ ਸਕੂਲ ਦੇ ਬੱਚਿਆਂ ਨੂੰ ਪਿੰਡ ਅਤੇ ਆਪਣੇ ਘਰਾਂ ਵਿੱਚ ਬੂਟੇ ਲਗਾਉਣ ਦੇ ਲਈ ਜਾਗਰੂਕ ਕੀਤਾ। ਸਕੂਲ ਦੇ ਇੰਚਾਰਜ ਸੁਧੀਰ ਸ਼ਰਮਾ ਨੇ ਕਲੱਬ ਦੇ ਸਰਗਰਮ ਮੈਂਬਰਾਂ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ ਅਤੇ ਪਰਮਵੀਰ ਸਿੰਘ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਰੋਮਾ ਸ਼ਰਮਾ, ਗੁਰਸਿਮਰਨਪਾਲ ਕੌਰ, ਗੁਰਵਿੰਦਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ। ਇੱਥੇ ਜਿਕਰਯੋਗ ਹੈ ਕਿ ਕਲੱਬ ਵੱਲੋਂ ਵਾਤਾਵਰਨ ਦੀ ਸਰੁੱਖਿਆ ਦੇ ਤਹਿਤ ਹਰ ਐਤਵਾਰ ਸਫਾਈ ਅਭਿਆਨ ਵੇਲੇ ਪਲਾਸਟਿਕ ਦਾ ਕਚਰਾ ਹਟਾਇਆ ਜਾ ਰਿਹਾ ਹੈ।

# ਇਲਾਕਾ ਨਿਵਾਸੀਆਂ ਦੀ ਸਹੂਲਤ ਲਈ ਸਿਹਤ ਯੋਜਨਾ ਕੈਂਪ ਆਯੋਜਿਤ



**ਪਟਿਆਲਾ (ਚਮਨਦੀਪ ਸ਼ਰਮਾ,) |**

ਮਹਾਰਾਜਾ ਯਾਦਵਿੰਦਰਾ ਐਨਕਲੇਵ (ਨਾਭਾ ਰੋਡ) ਵਿੱਚ ਸੇਵਿਅਰ ਕਲੱਬ ਦੇ ਯਤਨਾਂ ਸਦਕਾ ਚੋਥੀ ਵਾਰ ਆਯੋਜਿਤ ਕਰਵਾਏ ਗਏ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਕੈਂਪ ਦੌਰਾਨ ਕਰੀਬ 40 ਕਾਰਡ ਬਣਾਏ ਗਏ। ਇਲਾਕਾ ਵਾਸੀਆਂ ਨੇ ਸੇਵਿਅਰ ਕਲੱਬ ਦੇ ਇਸ ਉਪਰਾਲੇ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੇਵਿਅਰ ਕਲੱਬ (ਰਜਿ.) ਪਟਿਆਲਾ ਦੇ ਪ੍ਰਧਾਨ ਪਵਨ ਗਰਗ ਅਤੇ ਚਮਨ ਸ਼ਰਮਾ ਨੇ ਦੱਸਿਆ ਕਿ ਇਲਾਕਾ ਵਾਸੀਆਂ ਨੂੰ ਸਹੂਲਤ ਪ੍ਰਦਾਨ ਕਰਨ ਲਈ ਕਲੱਬ ਵੱਲੋਂ ਪਹਿਲਾਂ ਵੀ ਤਿੰਨ ਕੈਂਪ ਲਗਾਏ ਜਾ ਚੁੱਕੇ ਹਨ। ਹੁਣ ਤੱਕ ਲਗਭਗ 200 ਕਾਰਡ ਬਣਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ ਆਯੁਸ਼ਮਾਨ ਸਿਹਤ ਯੋਜਨਾ ਦੇ ਕਾਰਡ ਵੀ ਤਿਆਰ ਕੀਤੇ ਗਏ। ਅਗਲਾ ਕੈਂਪ ਅਬਲੋਵਾਲ ਦੇ ਨਿਵਾਸੀਆਂ ਲਈ ਲਗਾਉਣ ਦੀ ਯੋਜਨਾ ਹੈ। ਇਸ ਮੌਕੇ ਡਾਟਾ ਐਂਟਰੀ ਅਤੇ ਰਜਿਸਟ੍ਰੇਸ਼ਨ ਦੀ ਡਿਊਟੀ ਬਲਵੰਤ ਸਿੰਘ ਨੇ ਨਿਭਾਈ। ਕੈਂਪ ਨੂੰ ਸਫਲ ਬਣਾਉਣ ਵਿੱਚ ਪਰਮਵੀਰ ਸਿੰਘ, ਰਾਜ ਸਿੰਘ, ਦਵਿੰਦਰ ਜੈਨ ਅਤੇ ਅਵਤਾਰ ਸਿੰਘ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਜ਼ਿਕਰਯੋਗ ਹੈ ਕਿ ਕਲੱਬ ਵੱਲੋਂ ਵਾਤਾਵਰਣ ਸੁਰੱਖਿਆ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਹੈ। ਅਬਲੋਵਾਲ ਪੁਲੀ ਤੋਂ ਭਾਖੜਾ ਨਹਿਰ ਤੱਕ ਇਲਾਕੇ ਨੂੰ ਸੁੰਦਰ ਬਣਾਉਣ ਲਈ ਸਿੰਚਾਈ ਵਿਭਾਗ ਤੋਂ ਮਨਜ਼ੂਰੀ ਵੀ ਲਈ ਗਈ ਹੈ। ਕਲੱਬ ਦੀ ਟੀਮ ਵੱਲੋਂ ਹਰ ਐਤਵਾਰ ਨੂੰ ਰਜਵਾਹੇ ਦੀ ਦੋ ਘੰਟੇ ਤੱਕ ਸਫਾਈ ਕੀਤੀ ਜਾਂਦੀ ਹੈ ਅਤੇ ਭਾਖੜਾ ਨਹਿਰ ’ਤੇ ਵੀ ਸਫਾਈ ਅਭਿਆਨ ਲਗਾਤਾਰ ਜਾਰੀ ਹੈ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

